# Punjab Government Gazette

## EXTRAORDINARY

*Published by Authority*

CHANDIGARH, SATURDAY, FEBRUARY 7, 2026
(MAGHA 18, 1947 SAKA)

ਵਿਧਾਨਕ ਅਨੁਪੂਰਕ

| | ਮਜ਼ਮੂਨ | ਪੰਨੇ |
|---|---|---|
| ਭਾਗ **I** | ਐਕਟ | |
| | 1. ਪੰਜਾਬ ਬਿਜਲੀ (ਮਸੂਲ) ਐਕਟ, 2005 (2005 ਦਾ ਪੰਜਾਬ ਐਕਟ ਨੰ. 9) | ... 163-172 |
| | 2. ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਐਕਟ, 2017 (2017 ਦਾ ਪੰਜਾਬ ਐਕਟ ਨੰ. 28) | ... 173-185 |
| ਭਾਗ **II** | ਆਰਡੀਨੈਂਸ | |
| | *ਕੋਈ ਨਹੀਂ* | |
| ਭਾਗ **III** | ਅਧੀਨ ਵਿਧਾਨਕਾਰੀ | |
| | *ਕੋਈ ਨਹੀਂ* | |
| ਭਾਗ **IV** | ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | *ਕੋਈ ਨਹੀਂ* | |

———

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 6 ਫਰਵਰੀ, 2026

ਨੰ: 13/ਭ.ਕ./2026.- ਪੰਜਾਬ ਬਿਜਲੀ (ਮਸੂਲ) ਐਕਟ, 2005 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 6th February, 2026

**No. 13/L.C./2026.-** The Translation in Punjabi of the Punjab Electricity (Duty) Act, 2005 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਬਿਜਲੀ (ਮਸੂਲ) ਐਕਟ, 2005

(2005 ਦਾ ਪੰਜਾਬ ਐਕਟ ਨੰ: 9)

ਬਿਜਲੀ ਤੇ ਮਸੂਲ ਦੇ ਲਾਉਣ ਅਤੇ ਉਗਰਾਹੁਣ ਨਾਲ ਸਬੰਧਤ ਕਾਨੂੰਨ ਨੂੰ ਸੰਚਿਤ ਕਰਨ ਅਤੇ ਯੁਕਤੀ-ਸੰਗਤ ਬਣਾਉਣ ਲਈ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਛਪੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਬਿਜਲੀ (ਮਸੂਲ) ਐਕਟ, 2005 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਤੁਰਤ ਨਾਫ਼ਜ਼ ਹੋਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਬੋਰਡ" ਦਾ ਮਤਲਬ ਹੈ ਨਿਰਸਤ ਕੀਤੇ ਬਿਜਲੀ (ਪੂਰਤੀ) ਐਕਟ, 1948 (1948 ਦਾ ਐਕਟ 54) ਦੀ ਧਾਰਾ 5 ਦੀ ਉਪ-ਧਾਰਾ (1) ਅਧੀਨ ਗਠਤ ਪੰਜਾਬ ਰਾਜ ਬਿਜਲੀ ਬੋਰਡ;

(ਅ) "ਨਿਰੀਖਣ ਅਧਿਕਾਰੀ" ਦਾ ਮਤਲਬ ਹੈ ਧਾਰਾ 7 ਦੀ ਉਪ-ਧਾਰਾ (1) ਅਧੀਨ ਰਾਜ ਸਰਕਾਰ ਦੁਆਰਾ ਅਜਿਹੇ ਤੌਰ ਤੇ ਨਿਯੁਕਤ ਕੀਤਾ ਗਿਆ ਵਿਅਕਤੀ;

(ੲ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣੇ ਨਿਯਮਾਂ ਦੁਆਰਾ ਮੁਕੱਰਰ;

(ਸ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਹ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਕ) ਸ਼ਬਦ ਅਤੇ ਪਦ "ਖਪਤਕਾਰ", "ਵੰਡ ਲਸੰਸਧਾਰੀ", "ਬਿਜਲੀ", "ਬਿਜਲੀ ਵਪਾਰੀ", "ਉਤਪਾਦਕ ਕੰਪਨੀ", "ਲਸੰਸਧਾਰੀ", "ਖੁੱਲ੍ਹੀ ਪਹੁੰਚ" ਅਤੇ "ਪੂਰਤੀ" ਅਤੇ ਇਸ ਐਕਟ ਵਿੱਚ ਵਰਤੇ ਗਏ ਕੋਈ ਹੋਰ ਸ਼ਬਦ ਅਤੇ ਪਦ, ਜਿਨ੍ਹਾਂ ਨੂੰ ਪਰਿਭਾਸ਼ਤ ਨਹੀਂ ਕੀਤਾ ਗਿਆ, ਉਨ੍ਹਾਂ ਦੇ ਆਪੋ-ਆਪਣੇ ਅਰਥ ਹੋਣਗੇ, ਜੋ ਉਨ੍ਹਾਂ ਨੂੰ ਬਿਜਲੀ ਐਕਟ, 2003 ਵਿੱਚ ਦਿੱਤੇ ਗਏ ਹਨ।

ਖਪਤਕਾਰਾਂ ਦੁਆਰਾ ਅਦਾ ਕੀਤਾ ਜਾਣ ਵਾਲਾ ਮਸੂਲ।

3. (1) ਬੋਰਡ ਜਾਂ ਕਿਸੇ ਲਸੰਸਧਾਰੀ ਜਾਂ ਬਿਜਲੀ ਵਪਾਰੀ ਜਾਂ ਉਤਪਾਦਕ ਕੰਪਨੀ ਦੁਆਰਾ ਖਪਤਕਾਰ ਨੂੰ ਸਪਲਾਈ ਕੀਤੀ ਗਈ ਬਿਜਲੀ 'ਤੇ ਬਿਜਲੀ ਮਸੂਲ ਕਹੀ ਜਾਣ ਵਾਲੀ ਇੱਕ ਮਸੂਲ, ਅਜਿਹੀ ਦਰ ਤੇ, ਜੋ ਕਿ ਪੱਚੀ ਪ੍ਰਤੀਸ਼ਤ ਤੋਂ ਵੱਧ ਨਾ ਹੋਵੇ, ਜਿਵੇਂ ਕਿ ਰਾਜ ਸਰਕਾਰ ਸਮੇਂ ਸਮੇਂ ਤੇ ਅਧਿਸੂਚਨਾ ਦੁਆਰਾ ਉਲਿਖਤ ਕਰ ਸਕੇ, ਲਗਾਈ ਜਾਵੇਗੀ ਅਤੇ ਰਾਜ ਸਰਕਾਰ ਨੂੰ ਅਦਾ ਕੀਤੀ ਜਾਵੇਗੀ:

ਪਰੰਤੂ ਰਾਜ ਸਰਕਾਰ ਖਪਤਕਾਰਾਂ ਦੀਆਂ ਵੱਖਰੀਆਂ ਸ਼੍ਰੇਣੀਆਂ ਲਈ ਵੱਖਰੀਆਂ ਦਰਾਂ ਉਲਿਖਤ ਕਰ ਸਕੇਗੀ।

(2) ਖਪਤ ਲਈ ਬਿਜਲੀ ਸਪਲਾਈ ਕਰਨ ਵਾਲੇ ਬੋਰਡ ਜਾਂ ਲਸੰਸਧਾਰੀ ਦਾ ਇਹ ਕਰਤੱਵ ਹੋਵੇਗਾ ਕਿ ਉਹ ਆਪਣੇ ਸਪਲਾਈ ਖੇਤਰ ਦੇ ਸਾਰੇ ਖਪਤਕਾਰਾਂ ਤੋਂ ਬਿਜਲੀ ਮਸੂਲ ਅਜਿਹੇ ਰੂਪ ਵਿੱਚ ਉਗਰਾਹੇ ਅਤੇ ਉਸ ਨੂੰ ਰਾਜ ਸਰਕਾਰ ਨੂੰ ਅਜਿਹੇ ਤਰੀਕੇ ਨਾਲ ਅਦਾ ਕਰੇ, ਜਿਵੇਂ ਮੁਕੱਰਰ ਕੀਤਾ ਹੋਵੇ।

(3) ਇਸ ਤਰ੍ਹਾਂ ਉਗਰਾਹੀ ਕੀਤੇ ਗਏ ਬਿਜਲੀ ਮਸੂਲ ਤੇ ਪਹਿਲਾ ਭਾਰ ਰਾਜ ਸਰਕਾਰ ਦਾ ਹੋਵੇਗਾ, ਅਤੇ ਨਾ ਤਾਂ ਬੋਰਡ ਅਤੇ ਨਾ ਹੀ ਕੋਈ ਲਸੰਸਧਾਰੀ ਰਾਜ ਸਰਕਾਰ ਦੀ ਪੂਰਵ ਮਨਜ਼ੂਰੀ ਤੋਂ ਬਿਨ੍ਹਾਂ ਇਸ ਮਸੂਲ ਦੀ ਕਿਸੇ ਵੀ ਰਕਮ ਦੀ ਵਰਤੋਂ ਆਪਣੇ ਆਪ ਨੂੰ ਪ੍ਰਤੀਪੂਰਤੀ ਲਈ ਨਹੀਂ ਕਰੇਗਾ ਜੋ ਰਾਜ ਸਰਕਾਰ ਦੁਆਰਾ ਬੋਰਡ ਜਾਂ ਲਸੰਸਧਾਰੀ ਨੂੰ ਦੇਣ ਯੋਗ ਹੋਵੇ।

(4) ਬੋਰਡ ਜਾਂ ਲਸੰਸਧਾਰੀ, ਜਿਹੀ ਕਿ ਸੂਰਤ ਹੋਵੇ, ਆਪਣੀ ਖੁਦ ਦੀ ਖਪਤ ਲਈ ਸਪਲਾਈ ਕੀਤੀ ਜਾਣ ਵਾਲੀ ਬਿਜਲੀ ਤੇ ਬਿਜਲੀ ਮਸੂਲ ਅਦਾ ਕਰੇਗਾ।

4. (1) ਬਿਜਲੀ ਮਸੂਲ ਦਾ ਹਿਸਾਬ ਲਾਉਣ ਲਈ ਖਪਤ ਕੀਤੀ ਬਿਜਲੀ ਦੀ ਮਾਤਰਾ ਅਜਿਹੇ ਤਰੀਕੇ ਨਾਲ ਨਿਸ਼ਚਿਤ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਹੋਵੇ। ਬਿਜਲੀ ਮਸੂਲ ਦਾ ਹਿਸਾਬ ਲਾਉਣਾ।

(2) ਧਾਰਾ 3 ਅਧੀਨ ਬਿਜਲੀ ਮਸੂਲ ਦਾ ਲੇਖਾ ਅਜਿਹੀ ਦਰ ਤੇ ਕੀਤਾ ਜਾਵੇਗਾ ਜਿਸ 'ਤੇ ਬੋਰਡ ਜਾਂ ਕਿਸੇ ਲਸੰਸਧਾਰੀ ਜਾਂ ਬਿਜਲੀ ਵਪਾਰੀ ਜਾਂ ਉਤਪਾਦਕ ਕੰਪਨੀ ਦੁਆਰਾ ਕਿਸੇ ਖਪਤਕਾਰ ਨੂੰ ਬਿਜਲੀ ਸਪਲਾਈ ਕੀਤੀ ਜਾਂਦੀ ਹੈ:

ਪਰੰਤੂ ਖਪਤਕਾਰਾਂ ਦੇ ਮਾਮਲੇ ਵਿੱਚ ਬਿਜਲੀ ਮਸੂਲ ਦਾ ਹਿਸਾਬ ਲਾਉਣ ਦੇ ਪ੍ਰਯੋਜਨ ਲਈ, ਕਿਸੇ ਵੀ ਉਤਪਾਦਕ ਕੰਪਨੀ ਜਾਂ ਬਿਜਲੀ ਵਪਾਰੀ ਤੋਂ ਕਿਸੇ ਖੁੱਲ੍ਹੀ ਪਹੁੰਚ ਰਾਹੀਂ ਸਪਲਾਈ ਪ੍ਰਾਪਤ ਕਰਨਾ, ਜਿਹੀ ਕਿ ਸੂਰਤ ਹੋਵੇ, ਦਰ ਉਹੀ ਸਮਝੀ ਜਾਵੇਗੀ, ਜੋ ਉਸ ਖੇਤਰ ਵਿੱਚ ਬਿਜਲੀ ਸਪਲਾਈ ਕਰਨ ਵਾਲੀ ਵੰਡ ਕੰਪਨੀ ਦੁਆਰਾ ਉਸੇ ਸ਼੍ਰੇਣੀ ਦੇ ਦੂਜੇ ਖਪਤਕਾਰਾਂ ਤੋਂ ਵਸੂਲੀ ਜਾ ਰਹੀ ਹੈ।

(3) ਬਿਜਲੀ ਮਸੂਲ ਦਾ ਹਿਸਾਬ ਲਾਉਣ ਦੇ ਪ੍ਰਯੋਜਨ ਲਈ, ਮੀਟਰ ਦੁਆਰਾ ਦਰਸਾਈ ਗਈ ਖਪਤ ਧਾਰਾ 3 ਦੀ ਉਪ-ਧਾਰਾ (1) ਅਧੀਨ ਅਧਿਸੂਚਨਾ ਜਾਰੀ ਹੋਣ ਤੋਂ ਬਾਅਦ, ਜੋ ਪਹਿਲੀ ਮੀਟਰ ਰੀਡਿੰਗ ਦੀ ਤਰੀਕ ਤੋਂ ਬਾਅਦ ਸ਼ੁਰੂ ਹੁੰਦੀ ਹੈ, ਨੂੰ ਧਿਆਨ ਵਿੱਚ ਰੱਖਿਆ ਜਾਵੇਗਾ।

5. ਧਾਰਾ 3 ਵਿੱਚ ਕੁੱਝ ਵੀ ਬਿਜਲੀ ਦੀ ਖਪਤ ਜਾਂ ਵਿਕਰੀ 'ਤੇ ਲਾਗੂ ਨਹੀਂ ਹੋਵੇਗਾ, ਜੋ ਕਿ- ਭਾਰਤ ਸਰਕਾਰ ਨੂੰ ਛੋਟਾਂ।

(ੳ) ਭਾਰਤ ਸਰਕਾਰ ਦੁਆਰਾ ਖਪਤ ਕੀਤੀ ਜਾਂਦੀ ਹੈ ਜਾਂ ਉਸ ਸਰਕਾਰ ਦੁਆਰਾ ਖਪਤ ਲਈ ਭਾਰਤ ਸਰਕਾਰ ਨੂੰ ਵੇਚੀ ਜਾਂਦੀ ਹੈ; ਜਾਂ

(ਅ) ਕਿਸੇ ਰੇਲਵੇ ਦੀ ਉਸਾਰੀ, ਸਾਂਭ-ਸੰਭਾਲ ਜਾਂ ਸੰਚਾਲਨ ਵਿੱਚ ਭਾਰਤ ਸਰਕਾਰ ਦੁਆਰਾ ਜਾਂ ਉਸ ਰੇਲਵੇ ਦੇ ਸੰਚਾਲਣ ਕਰਨ ਵਾਲੀ ਰੇਲਵੇ ਕੰਪਨੀ ਦੁਆਰਾ ਖਪਤ ਕੀਤੀ ਜਾਂਦੀ ਹੈ ਜਾਂ ਕਿਸੇ ਰੇਲਵੇ ਦੀ ਉਸਾਰੀ, ਸਾਂਭ-ਸੰਭਾਲ ਜਾਂ ਸੰਚਾਲਣ ਵਿੱਚ ਖਪਤ ਲਈ ਉਸ ਸਰਕਾਰ ਜਾਂ ਕਿਸੇ ਅਜਿਹੀ ਰੇਲਵੇ ਕੰਪਨੀ ਨੂੰ ਵੇਚੀ ਜਾਂਦੀ ਹੈ।

6. (1) ਜੇ ਰਾਜ ਸਰਕਾਰ ਆਮ ਜਾਂ ਵਿਸ਼ੇਸ਼ ਹੁਕਮ ਦੁਆਰਾ ਇਸ ਤਰ੍ਹਾਂ ਨਿਦੇਸ਼ ਦਿੰਦੀ ਹੈ ਤਾਂ ਬੋਰਡ ਜਾਂ ਲਸੰਸਧਾਰੀ ਜਾਂ ਬਿਜਲੀ ਸਪਲਾਈ ਕਰਨ ਵਾਲਾ, ਖਰੀਦਣ ਵਾਲਾ, ਪੈਦਾ ਕਰਨ ਵਾਲਾ ਜਾਂ ਸੰਚਾਰਿਤ ਕਰਨ ਵਾਲਾ ਵਿਅਕਤੀ ਅਜਿਹਾ ਰਿਕਾਰਡ ਮੁਕੱਰਰ ਕੀਤੇ ਅਨੁਸਾਰ, ਅਜਿਹੇ ਰੂਪ ਵਿੱਚ ਅਤੇ ਤਰੀਕੇ ਨਾਲ ਰੱਖੇਗਾ, ਜਿਸ ਵਿੱਚ ਦਰਸਾਇਆ ਜਾਵੇ- ਰਿਕਾਰਡ ਅਤੇ ਵਿਵਰਣ।

(ੳ) ਆਪਣੀ ਖਪਤ ਲਈ ਜਾਂ ਕਿਸੇ ਖਪਤਕਾਰ ਜਾਂ ਲਸੰਸਧਾਰੀ ਨੂੰ ਸਪਲਾਈ ਕਰਨ ਲਈ ਪੈਦਾ ਕੀਤੀਆਂ, ਸੰਚਾਰਿਤ ਕੀਤੀਆਂ, ਜਾਂ ਪ੍ਰਾਪਤ ਕੀਤੀਆਂ ਬਿਜਲੀ ਦੀਆਂ ਇਕਾਈਆਂ;

(ਅ) ਕਿਸੇ ਵੀ ਖਪਤਕਾਰ ਨੂੰ ਪੂਰਤੀ ਕੀਤੀ ਗਈ ਜਾਂ ਉਸ ਦੁਆਰਾ ਜਾਂ ਉਸ ਦੁਆਰਾ ਖਪਤ ਕੀਤੀਆਂ ਗਈਆਂ ਬਿਜਲੀ ਦੀਆਂ ਇਕਾਈਆਂ;

(ੲ) ਇਸ ਐਕਟ ਅਧੀਨ ਉਸ 'ਤੇ ਅਦਾਇਗੀ ਯੋਗ ਬਿਜਲੀ ਮਸੂਲ ਦੀ ਰਕਮ ਅਤੇ ਉਸ ਦੁਆਰਾ ਅਦਾ ਕੀਤੀ ਗਈ ਜਾਂ ਵਸੂਲੀ ਗਈ ਬਿਜਲੀ ਮਸੂਲ; ਅਤੇ

(ਸ) ਅਜਿਹੇ ਹੋਰ ਵੇਰਵੇ ਜਿਵੇਂ ਮੁਕੱਰਰ ਕੀਤੇ ਹੋਣ।

(2) ਬੋਰਡ, ਲਸੰਸਧਾਰੀ ਜਾਂ ਬਿਜਲੀ ਪੈਦਾ ਕਰਨ ਵਾਲਾ ਜਾਂ ਖਰੀਦਣ ਵਾਲਾ ਵਿਅਕਤੀ, ਜਿਸ ਨੂੰ ਉਪ-ਧਾਰਾ (1) ਅਧੀਨ ਰਿਕਾਰਡ ਰੱਖਣ ਦਾ ਨਿਦੇਸ਼ ਦਿੱਤਾ ਗਿਆ ਹੈ, ਅਜਿਹੇ ਰੂਪ ਵਿੱਚ ਅਤੇ ਤਰੀਕੇ ਨਾਲ ਅਤੇ ਅਜਿਹੀ ਅਥਾਰਟੀ ਨੂੰ ਅਜਿਹੇ ਵਿਵਰਣ ਪੇਸ਼ ਕਰੇਗਾ, ਜਿਵੇਂ ਮੁਕੱਰਰ ਕੀਤਾ ਹੋਵੇ।

ਜਾਂਚ ਅਧਿਕਾਰੀ।

7. (1) ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਧਾਰਾ 6 ਅਧੀਨ ਰੱਖੇ ਗਏ ਰਿਕਾਰਡ ਦਾ ਨਿਰੀਖਣ ਕਰਨ ਲਈ, ਨਿਰੀਖਣ ਅਧਿਕਾਰੀ, ਨਿਯੁਕਤ ਕਰ ਸਕੇਗੀ।

(2) ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨ ਲਈ ਨਿਰੀਖਣ ਅਧਿਕਾਰੀ ਅਜਿਹੇ ਕਰਤੱਵ ਨਿਭਾਉਣਗੇ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨਗੇ, ਜਿਵੇਂ ਮੁਕੱਰਰ ਕੀਤੇ ਹੋਣ।

(3) ਇਸ ਧਾਰਾ ਅਧੀਨ ਨਿਯੁਕਤ ਕੀਤਾ ਹਰੇਕ ਨਿਰੀਖਣ ਅਧਿਕਾਰੀ, ਭਾਰਤੀ ਦੰਡ ਸੰਘਤਾ, 1860 ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝਿਆ ਜਾਵੇਗਾ।

ਕੁੱਝ ਮਾਮਲਿਆਂ ਵਿੱਚ ਦੰਡ ਮਸੂਲ ਅਦਾ ਕਰਨਾ।

8. (1) ਜੇ ਨਿਰੀਖਣ ਅਧਿਕਾਰੀ ਦੀ ਰਾਏ ਵਿੱਚ ਬੋਰਡ ਜਾਂ ਲਸੰਸਧਾਰੀ ਜਾਂ ਬਿਜਲੀ ਵਪਾਰੀ ਜਾਂ ਉਤਪਾਦਕ ਕੰਪਨੀ ਜਾਂ ਖਪਤਕਾਰ, ਜਿਹੀ ਕਿ ਸੂਰਤ ਹੋਵੇ, ਭਾਵੇਂ ਝੂਠੇ ਰਿਕਾਰਡ ਕਾਇਮ ਰੱਖ ਕੇ ਜਾਂ ਝੂਠੀਆਂ ਵਿਵਰਣਾਂ ਪੇਸ਼ ਕਰਕੇ ਜਾਂ ਖਪਤ ਕੀਤੀ ਗਈ ਊਰਜਾ ਨੂੰ ਛੁਪਾ ਕੇ ਜਾਂ ਕਿਸੇ ਹੋਰ ਤਰੀਕੇ ਨਾਲ, ਮਸੂਲ ਦੀ ਅਦਾਇਗੀ ਤੋਂ ਬਚਦਾ ਹੈ ਜਾਂ ਬਚਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਬੋਰਡ, ਲਸੰਸਧਾਰੀ, ਬਿਜਲੀ ਵਪਾਰੀ, ਉਤਪਾਦਕ ਕੰਪਨੀ ਜਾਂ ਖਪਤਕਾਰ ਇਸ ਐਕਟ ਅਧੀਨ ਅਦਾਇਗੀਯੋਗ ਮਸੂਲ ਤੋਂ ਇਲਾਵਾ ਬਿਜਲੀ ਮਸੂਲ ਦੀ ਰਕਮ ਤੋਂ ਚਾਰ ਗੁਣਾਂ ਵੱਧ ਨ ਹੋਣ ਵਾਲੀ ਰਕਮ ਡੰਨ ਵਜੋਂ ਅਦਾ ਕਰਨਗੇ ਜਿਵੇਂ ਨਿਰੀਖਣ ਅਧਿਕਾਰੀ ਵੱਲੋਂ ਇਸ ਬਾਬਤ ਹੁਕਮ ਜਾਰੀ ਕਰਕੇ ਨਿਰਧਾਰਤ ਕੀਤੀ ਜਾਵੇ:

ਪਰੰਤੂ ਇਸ ਉਪ-ਧਾਰਾ ਅਧੀਨ ਕੋਈ ਡੰਨ ਬੋਰਡ, ਲਸੰਸਧਾਰੀ, ਬਿਜਲੀ ਵਪਾਰੀ, ਉਤਪਾਦਕ ਕੰਪਨੀ ਜਾਂ ਖਪਤਕਾਰ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨਾਂ ਨਹੀਂ ਅਰੋਪਿਆ ਜਾਵੇਗਾ।

(2) ਉਪ-ਧਾਰਾ (1) ਅਧੀਨ ਪਾਸ ਕੀਤੇ ਗਏ ਹੁਕਮ ਦੇ ਵਿਰੁੱਧ ਅਜਿਹੀ ਅਥਾਰਟੀ ਨੂੰ ਉਸ ਮੁੱਦਤ ਦੇ ਅੰਦਰ ਅਤੇ ਅਜਿਹੀ ਫ਼ੀਸ ਦੀ ਅਦਾਇਗੀ ਤੇ ਅਪੀਲ ਕੀਤੀ ਜਾ ਸਕੇਗੀ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

(3) ਉਪ-ਧਾਰਾ (2) ਅਧੀਨ ਅਪੀਲ ਵਿੱਚ ਪਾਸ ਕੀਤਾ ਗਿਆ ਹੁਕਮ, ਅੰਤਮ ਹੋਵੇਗਾ।

(4) ਇਸ ਧਾਰਾ ਅਧੀਨ ਲਗਾਏ ਗਏ ਕਿਸੇ ਡੰਨ ਦੀ ਅਦਾਇਗੀ ਲਈ ਕੋਈ ਹੁਕਮ, ਕਿਸੇ ਵੀ ਪ੍ਰਾਸੀਕਿਊਸ਼ਨ ਅਤੇ ਹੋਰ ਡੰਨ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਹੋਵੇਗਾ, ਜੋ ਇਸ ਐਕਟ ਅਧੀਨ, ਜਿਹੀ ਕਿ ਸੂਰਤ ਹੋਵੇ, ਸੰਸਥਿਤ ਜਾਂ ਅਰੋਪਿਆ ਗਿਆ ਹੋਵੇ।

ਮਸੂਲ ਦੀ ਵਸੂਲੀ।

9. (1) ਇਸ ਐਕਟ ਅਧੀਨ ਦੇਣਯੋਗ ਕੋਈ ਵੀ ਬਿਜਲੀ ਮਸੂਲ ਜਾਂ ਧਾਰਾ 8 ਅਧੀਨ ਅਰੋਪਿਆ ਗਿਆ ਡੰਨ, ਜੋ, ਭਾਵੇਂ ਖਪਤਕਾਰ ਦੁਆਰਾ ਬੋਰਡ ਜਾਂ ਵੰਡ ਲਸੰਸਧਾਰੀ ਨੂੰ, ਜਾਂ ਬੋਰਡ ਜਾਂ ਵੰਡ ਲਸੰਸਧਾਰੀ ਦੁਆਰਾ ਰਾਜ ਸਰਕਾਰ ਨੂੰ ਅਣ-ਅਦਾ ਰਹਿੰਦਾ ਹੈ, ਭੋਂ ਮਾਲੀਏ ਦੇ ਬਕਾਏ ਵਜੋਂ ਜਾਂ ਰਾਜ ਸਰਕਾਰ ਦੁਆਰਾ ਬੋਰਡ ਜਾ ਵੰਡ ਲਸੰਸਧਾਰੀ ਜਾਂ ਅਜਿਹੇ ਖਪਤਕਾਰ ਨੂੰ ਅਦਾਇਗੀਯੋਗ ਰਕਮ ਵਿੱਚੋਂ ਕਟੌਤੀ ਦੁਆਰਾ ਵਸੂਲੀਯੋਗ ਹੋਵੇਗਾ।

(2) ਜਦੋਂ ਬਿਜਲੀ ਮਸੂਲ ਜਾਂ ਡੰਨ ਦੀ ਕੋਈ ਰਕਮ ਦੇਣ ਯੋਗ ਹੋ ਗਈ ਹੈ, ਪਰੰਤੂ ਅਦਾ ਨਹੀਂ ਕੀਤੀ ਜਾਂਦੀ, ਤਾਂ ਨਿਰੀਖਣ ਅਧਿਕਾਰੀ, ਇਸ ਐਕਟ ਅਧੀਨ ਇਸ ਦੇ ਨਮਿੱਤ ਬਣਾਏ ਨਿਯਮਾਂ ਦੇ ਉਪਬੰਧਾਂ ਦੇ ਤਾਬੇ, ਕੁਲੈਕਟਰ ਨੂੰ ਬਕਾਇਆ ਰਕਮ ਵਸੂਲਣ ਲਈ ਦਰਖ਼ਾਸਤ ਦੇ ਸਕੇਗਾ, ਜਿਵੇਂ ਕਿ ਇਹ ਭੋਂ ਮਾਲੀਏ ਦਾ ਬਕਾਇਆ ਹੋਵੇ।

(3) ਉਪ-ਧਾਰਾ (2) ਅਧੀਨ ਦਿੱਤੀ ਗਈ ਦਰਖ਼ਾਸਤ ਵਿੱਚ ਇਹ ਦੱਸਿਆ ਜਾਵੇਗਾ,-

(i) ਕੋਤਾਹੀਕਾਰ ਦਾ ਨਾਂ ਅਤੇ ਵਰਣਨ;

(ii) ਬਕਾਇਆ ਰਕਮ ਜਿਸ ਦੀ ਵਸੂਲੀ ਲੋੜੀਂਦੀ ਹੈ; ਅਤੇ

(iii) ਉਹ ਹਾਲਾਤ, ਜਿਨ੍ਹਾਂ ਨੇ ਦਰਖ਼ਾਸਤ ਨੂੰ ਜ਼ਰੂਰੀ ਬਣਾਇਆ ਹੋਵੇ।

(4) ਦਰਖ਼ਾਸਤ ਪ੍ਰਾਪਤ ਹੋਣ ਤੇ, ਕੁਲੈਕਟਰ ਪੰਜਾਬ ਭੋਂ ਮਾਲੀਆ ਐਕਟ, 1887 ਦੇ ਅਧੀਨ ਭੋਂ ਮਾਲੀਏ ਦੇ ਬਕਾਏ ਵਜੋਂ ਰਕਮ ਦੀ ਵਸੂਲੀ ਲਈ ਕਾਰਵਾਈ ਕਰੇਗਾ।

(5) ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਬੋਰਡ ਜਾਂ ਕਿਸੇ ਵੀ ਲਸੰਸਧਾਰੀ ਦੀ ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ, ਕਿਸੇ ਅਦਾਲਤ ਦੇ ਹੁਕਮ ਜਾਂ ਡਿਗਰੀ ਦੀ ਇਜ਼ਰਾ ਹੋਣ ਤੇ ਜ਼ਬਤ ਕਰਨ ਲਈ ਉੱਤਰਦਾਈ ਨਹੀਂ ਹੋਵੇਗੀ, ਜਦੋਂ ਤੱਕ ਬੋਰਡ ਜਾਂ ਲਸੰਸਧਾਰੀ ਜਾਂ ਬਿਜਲੀ ਵਪਾਰੀ ਜਾਂ ਉਤਪਾਦਕ ਕੰਪਨੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਰਾਜ ਸਰਕਾਰ ਨੂੰ ਅਦਾਇਗੀਯੋਗ ਬਿਜਲੀ ਮਸੂਲ ਦਾ ਭੁਗਤਾਨ ਨਹੀਂ ਕੀਤਾ ਜਾਂਦਾ।

ਵਿਆਖਿਆ.- ਪਦ "ਕੁਲੈਕਟਰ" ਦਾ ਉਹੀ ਅਰਥ ਹੋਵੇਗਾ ਜੋ ਇਸ ਨੂੰ ਪੰਜਾਬ ਭੋਂ ਮਾਲੀਆ ਐਕਟ, 1887 (1887 ਦਾ ਐਕਟ ਨੰ: 17) ਅਧੀਨ ਦਿੱਤਾ ਗਿਆ ਹੈ।

ਮਸੂਲ ਦੀ ਅਣ-ਅਦਾਇਗੀ ਲਈ ਸਪਲਾਈ ਕੱਟਣ ਦੀ ਸ਼ਕਤੀ।

10. ਜਿੱਥੇ ਕੋਈ ਖਪਤਕਾਰ ਉਸ ਨੂੰ ਸਪਲਾਈ ਕੀਤੀ ਗਈ ਬਿਜਲੀ ਦੇ ਸਬੰਧ ਵਿੱਚ ਉਸ ਵੱਲ ਬਕਾਇਆ ਬਿਜਲੀ ਮਸੂਲ ਨੂੰ ਅਦਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਉਸ ਨੂੰ ਬਿਜਲੀ ਸਪਲਾਈ ਕਰਨ ਵਾਲਾ ਬੋਰਡ ਜਾਂ ਵੰਡ ਲਸੰਸਧਾਰੀ, ਜਿਹੀ ਕਿ ਸੂਰਤ ਹੋਵੇ, ਲਿਖਤੀ ਰੂਪ ਵਿੱਚ ਘੱਟੋ-ਘੱਟ ਪੰਦਰਾਂ ਦਿਨਾਂ ਦਾ ਨੋਟਿਸ ਦੇਣ ਤੋਂ ਬਾਅਦ, ਅਜਿਹੇ ਵਿਅਕਤੀ ਨੂੰ ਬਿਜਲੀ ਸਪਲਾਈ ਰੋਕ ਸਕਦਾ ਹੈ, ਜਦੋਂ ਤੱਕ ਸਾਰੀ ਬਿਜਲੀ ਮਸੂਲ ਦੀ ਅਦਾਇਗੀ ਨਹੀਂ ਹੋ ਜਾਂਦੀ।

ਡੰਨ।

11. ਜੇ ਕੋਈ ਵਿਅਕਤੀ-

(ੳ) ਧਾਰਾ 6 ਅਧੀਨ ਰਿਕਾਰਡ ਕਾਇਮ ਰੱਖਣ ਜਾਂ ਵਿਵਰਣੀਆਂ ਪੇਸ਼ ਕਰਨਾ ਲੋੜਿਆ ਜਾਂਦਾ ਹੈ, ਮੁਕੱਰਰ ਰੂਪ ਵਿੱਚ ਜਾਂ ਤਰੀਕੇ ਨਾਲ ਉਹਨਾਂ ਨੂੰ ਰੱਖਣ ਜਾਂ ਪੇਸ਼ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਜਾਂ ਇੱਕ ਵਿਵਰਣ ਪੇਸ਼ ਕਰਦਾ ਹੈ ਜੋ ਕਿ ਝੂਠਾ ਹੈ; ਜਾਂ

(ਅ) ਜਾਣ-ਬੁੱਝ ਕੇ ਕਿਸੇ ਨਿਰੀਖਣ ਅਧਿਕਾਰੀ ਨੂੰ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਉਸ ਦੀਆਂ

ਸ਼ਕਤੀਆਂ ਅਤੇ ਕਰਤੱਵਾਂ ਦੀ ਵਰਤੋਂ ਵਿੱਚ ਰੁਕਾਵਟਾਂ ਪਾਉਂਦਾ ਹੈ; ਜਾਂ

(ਦ) ਇਸ ਐਕਟ ਅਧੀਨ ਬਣਾਏ ਨਿਯਮਾਂ ਦੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ,

ਉਹ ਇੱਕ ਲੱਖ ਰੁਪਏ ਤੋਂ ਨਾ ਵੱਧ ਜ਼ੁਰਮਾਨਾ ਅਦਾ ਕਰਨ ਦਾ ਭਾਗੀ ਹੋਵੇਗਾ, ਜਿਵੇਂ ਮੁਕੱਰਰ ਅਥਾਰਟੀ ਦੁਆਰਾ ਨਿਰਧਾਰਤ ਕੀਤਾ ਗਿਆ ਹੋਵੇ।

12. ਰਾਜ ਸਰਕਾਰ, ਲੋਕ ਹਿੱਤ ਵਿੱਚ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਕਿਸੇ ਵੀ ਲਸੰਸਧਾਰੀ, ਖਪਤਕਾਰ, ਜਾਂ ਵਿਅਕਤੀ ਨੂੰ ਬਿਜਲੀ ਮਸੂਲ ਦੇ ਪੂਰਨ ਜਾਂ ਅੰਸ਼ਕ ਭੁਗਤਾਨ ਤੋਂ, ਅਜਿਹੀ ਮੁੱਦਤ ਲਈ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਜੋ ਅਜਿਹੀ ਅਧਿਸੂਚਨਾ ਵਿੱਚ ਉਲਿਖਤ ਕੀਤੀਆਂ ਹੋਣ, ਛੋਟ ਦੇ ਸਕਦੀ ਹੈ। ਛੋਟ ਦੇਣ ਦੀ ਸ਼ਕਤੀ।

13. (1) ਰਾਜ ਸਰਕਾਰ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਤੌਰ ਤੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਧਾਰਾ 3 ਅਧੀਨ ਬਿਜਲੀ ਮਸੂਲ ਦੀ ਉਗਰਾਹੀ ਅਤੇ ਅਦਾਇਗੀ ਦਾ ਤਰੀਕਾ;

(ਅ) ਧਾਰਾ 4 ਅਧੀਨ ਖਪਤ ਕੀਤੀ ਗਈ ਬਿਜਲੀ 'ਤੇ ਬਿਜਲੀ ਮਸੂਲ ਦੀ ਰਕਮ ਨਿਸ਼ਚਤ ਕਰਨ ਦਾ ਤਰੀਕਾ;

(ੲ) ਉਹ ਰੂਪ ਅਤੇ ਤਰੀਕਾ ਜਿਸ ਵਿੱਚ ਧਾਰਾ 6 ਦੀ ਉਪ-ਧਾਰਾ (1) ਅਧੀਨ ਰਿਕਾਰਡ ਦੀ ਸੰਭਾਲ ਕੀਤੀ ਜਾਵੇਗੀ;

(ਸ) ਧਾਰਾ 6 ਦੀ ਉਪ-ਧਾਰਾ (1) ਦੇ ਖੰਡ (ਸ) ਅਧੀਨ ਵੇਰਵਿਆਂ ਦਾ ਨਿਰਧਾਰਨ;

(ਹ) ਵਿਵਰਣੀਆਂ ਜਮ੍ਹਾਂ ਕਰਨ ਦਾ ਤਰੀਕਾ ਅਤੇ ਉਹ ਅਥਾਰਟੀ ਜਿਸ ਨੂੰ ਇਹ ਧਾਰਾ 6 ਦੀ ਉਪ-ਧਾਰਾ (2) ਅਧੀਨ ਪੇਸ਼ ਕੀਤੀਆਂ ਜਾਣੀਆਂ ਹਨ;

(ਕ) ਧਾਰਾ 7 ਦੀ ਉਪ-ਧਾਰਾ (2) ਅਧੀਨ ਨਿਰੀਖਣ ਅਧਿਕਾਰੀਆਂ ਦੁਆਰਾ ਵਰਤੀਆਂ ਜਾਣ ਵਾਲੀਆਂ ਸ਼ਕਤੀਆਂ ਅਤੇ ਨਿਭਾਏ ਜਾਣ ਵਾਲੇ ਕਰਤੱਵ;

(ਖ) ਉਹ ਅਥਾਰਟੀ ਜਿਸ ਕੋਲ ਅਪੀਲ ਕੀਤੀ ਜਾ ਸਕੇਗੀ, ਉਹ ਮੁੱਦਤ, ਜਿਸ ਦੇ ਅੰਦਰ ਅਪੀਲ ਕੀਤੀ ਜਾ ਸਕੇਗੀ ਅਤੇ ਧਾਰਾ 8 ਦੀ ਉਪ-ਧਾਰਾ (2) ਅਧੀਨ ਅਜਿਹੀ ਅਪੀਲ ਦਾਇਰ ਕਰਨ ਲਈ ਫ਼ੀਸ;

(ਗ) ਧਾਰਾ 11 ਅਧੀਨ ਰੂਪ, ਤਰੀਕਾ ਅਤੇ ਅਥਾਰਟੀ ਦੇ ਨਿਰਧਾਰਨ; ਅਤੇ

(ਘ) ਕੋਈ ਹੋਰ ਮਾਮਲਾ ਜੋ ਮੁਕੱਰਰ ਕਰਨ ਲਈ ਲੋੜੀਂਦਾ ਹੈ ਜਾਂ ਜੋ ਇਸ ਐਕਟ ਦੁਆਰਾ ਜਾਂ ਅਧੀਨ ਮੁਕੱਰਰ ਕੀਤਾ ਗਿਆ ਹੋਵੇ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪ-ਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪ-ਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ ਅਜਿਹੇ ਕਿਸੇ ਰੂਪ-ਭੇਦ ਜਾਂ ਰੱਦਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਜਾਂ ਲੋਪ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

14. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ,

ਅਜਿਹੇ ਉਪਬੰਧ ਬਣਾ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ, ਜੋ ਉਸ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

1958 ਦਾ ਪੰਜਾਬ ਐਕਟ 10 ਦਾ ਨਿਰਸਨ ਅਤੇ ਬਚਾਉ।

15. (1) ਪੰਜਾਬ ਬਿਜਲੀ (ਮਸੂਲ) ਐਕਟ, 1958 (1958 ਦਾ ਪੰਜਾਬ ਐਕਟ ਨੰ: 10) ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ–

(ੳ) ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ ਜਾਂ ਤਾਤਪਰਜਤ ਕੀਤਾ ਗਿਆ ਜਾਂ ਲਿਆ ਗਿਆ ਜਿਸ ਵਿੱਚ ਕੋਈ ਨਿਯਮ, ਅਧਿਸੂਚਨਾ, ਨਿਰੀਖਣ, ਹੁਕਮ ਜਾਂ ਨੋਟਿਸ ਬਣਾਇਆ ਜਾਂ ਜਾਰੀ ਕੀਤਾ ਗਿਆ ਹੈ, ਜਿੱਥੋਂ ਤੱਕ ਇਹ ਇਸ ਐਕਟ ਦੇ ਉਪਬੰਧਾਂ ਦੇ ਨਾਲ ਅਸੰਗਤ ਨਹੀਂ ਹੈ, ਉਹ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤਾ ਗਿਆ ਜਾਂ ਲਿਆ ਗਿਆ ਸਮਝਿਆ ਜਾਵੇਗਾ;

(ਅ) ਪੰਜਾਬ ਬਿਜਲੀ (ਮਸੂਲ) ਐਕਟ, 1958 ਅਧੀਨ ਲਗਾਇਆ ਗਿਆ ਬਿਜਲੀ ਮਸੂਲ, ਇਸ ਐਕਟ ਦੀ ਧਾਰਾ 3 ਅਧੀਨ ਅਧਿਸੂਚਨਾ ਜਾਰੀ ਹੋਣ ਤੱਕ ਨਾਫ਼ਜ਼ ਅਤੇ ਉਗਰਾਹੁਣਾ ਜਾਰੀ ਰਹੇਗਾ; ਅਤੇ

(ੲ) ਪੰਜਾਬ ਬਿਜਲੀ (ਮਸੂਲ) ਨਿਯਮ, 1958 ਦੀ ਧਾਰਾ 13 ਅਧੀਨ ਬਣਾਏ ਗਏ ਪੰਜਾਬ ਬਿਜਲੀ (ਮਸੂਲ) ਨਿਯਮ, 1958 ਉਦੋਂ ਤੱਕ ਪ੍ਰਭਾਵੀ ਰਹਿਣਗੇ, ਜਦੋਂ ਤੱਕ ਉਹਨਾਂ ਨਿਯਮਾਂ ਨੂੰ ਵਿਖੰਡਨ ਜਾਂ ਰੂਪਭੇਦ ਨਹੀਂ ਕੀਤਾ ਜਾਂਦਾ, ਜਿਹੀ ਕਿ ਸੂਰਤ ਹੋਵੇ।

2005 ਦਾ ਪੰਜਾਬ ਆਰਡੀਨੈਂਸ 3 ਦਾ ਨਿਰਸਨ ਅਤੇ ਬਚਾਉ।

16. (1) ਪੰਜਾਬ ਬਿਜਲੀ (ਮਸੂਲ) ਆਰਡੀਨੈਂਸ, 2005 (2005 ਦਾ ਪੰਜਾਬ ਆਰਡੀਨੈਂਸ 3) ਵੀ ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕਾਰਵਾਈ ਇਸ ਐਕਟ ਅਧੀਨ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3633/2-2026/Pb. Govt. Press, S.A.S. Nagar*

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 6 ਫਰਵਰੀ, 2026

ਨੰ. 14/ਭ:ਕ/2026.- ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਐਕਟ, 2017 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ਓ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 6th February, 2026

**No. 14/L.C./2026.-** The Translation in Punjabi of the Punjab State Farmers and Farm Workers Commission Act, 2017 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਐਕਟ, 2017

(2017 ਦਾ ਪੰਜਾਬ ਐਕਟ ਨੰ. 28)

ਰਾਜ ਵਿੱਚ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਅਤੇ ਪੇਂਡੂ ਬੁਨਿਆਦੀ ਢਾਂਚੇ ਦੀ ਸਥਿਤੀ ਦੀ ਪਰਖ ਅਤੇ ਨਜਰਸਾਨੀ ਕਰਨ ਲਈ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੀ ਸਥਾਪਨਾ ਦਾ ਉਪਬੰਧ ਕਰਨ, ਆਰਥਿਕ ਤੌਰ 'ਤੇ ਵਿਵਹਾਰਕ ਅਤੇ ਵਾਤਾਵਰਣ ਪੱਖੋਂ ਟਿਕਾਊ ਖੇਤੀਬਾੜੀ ਵਿਕਾਸ ਦੇ ਉਪਾਅ ਸੁਝਾਉਣ ਅਤੇ ਇਸ ਨਾਲ ਸਬੰਧਤ ਜਾਂ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅਠਾਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਐਕਟ, 2017 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਪਰਿਭਾਸ਼ਾਵਾਂ। 2. (1) ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,—

(ੳ) "ਖੇਤੀਬਾੜੀ" ਵਿੱਚ ਬਾਗਬਾਨੀ ਅਤੇ ਪਸ਼ੂ ਪਾਲਣ ਦੇ ਕਿਸੇ ਪ੍ਰਯੋਜਨ ਲਈ ਭੋਂ ਦੀ ਵਰਤੋਂ ਜਿਸ ਵਿੱਚ ਪਸ਼ੂ ਧਨ, ਮੁਰਗੀਆਂ, ਸੂਰ ਪਾਲਣ, ਮੱਛੀ ਪਾਲਣ ਜਾਂ ਮਧੂ-ਮੱਖੀਆਂ ਨੂੰ ਰੱਖਣਾ ਜਾਂ ਪ੍ਰਜਨਨ ਕਰਨਾ ਅਤੇ ਖੇਤੀਬਾੜੀ ਜੰਗਲਾਤ ਅਤੇ ਇਸ ਤਰ੍ਹਾਂ ਦੇ ਹੋਰ ਕੰਮਾਂ ਦੀ ਕਾਸ਼ਤ ਸਮੇਤ ਸ਼ਾਮਲ ਹੋਵੇਗੀ;

(ਅ) "ਚੇਅਰਪਰਸਨ" ਦਾ ਮਤਲਬ ਹੈ ਕਮਿਸ਼ਨ ਦਾ ਚੇਅਰਪਰਸਨ;

(ੲ) "ਕਮਿਸ਼ਨ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਗਠਤ ਕਮਿਸ਼ਨ;

(ਸ) "ਕਿਸਾਨ" ਦਾ ਮਤਲਬ ਹੈ ਉਹ ਵਿਅਕਤੀ ਜੋ ਭੋਂ ਦਾ ਮਾਲਕ ਹੈ ਜਾਂ ਭੋਂ ਤੇ ਕਾਸ਼ਤ ਕਰਦਾ ਹੈ ਅਤੇ ਜਿਸਦਾ ਜੀਵਨ-ਨਿਰਬਾਹ ਅਜਿਹੀ ਭੋਂ ਦੀ ਕਾਸ਼ਤ ਤੋਂ ਆਮਦਨ ਹੈ ਜਾਂ ਅੰਸ਼ਕ ਤੌਰ 'ਤੇ ਅਜਿਹੀ ਭੋਂ ਦੀ ਕਾਸ਼ਤ ਤੋਂ ਆਮਦਨ ਹੈ ਅਤੇ ਅੰਸ਼ਕ ਤੌਰ 'ਤੇ ਆਮਦਨੀ ਦੁਆਰਾ ਜਿਸ ਨੂੰ ਉਹ ਨਕਦ ਜਾਂ ਕਿਸਮ ਵਿੱਚ ਉਜਰਤਾਂ ਦੇ ਰੂਪ ਵਿੱਚ ਪ੍ਰਾਪਤ ਕਰਦਾ ਹੈ ਜਾਂ ਅੰਸ਼ਕ ਤੌਰ 'ਤੇ ਨਕਦ ਜਾਂ ਅੰਸ਼ਕ ਤੌਰ 'ਤੇ ਹੋਰ ਕਿਸਮ ਵਿੱਚ ਸਹਾਇਕ ਖੇਤੀਬਾੜੀ ਕਿੱਤਿਆਂ ਤੋਂ ਪ੍ਰਾਪਤ ਕਰਦਾ ਹੈ ਜੋ ਉਹ ਕਰਦਾ ਹੈ;

(ਹ) "ਖੇਤ ਮਜ਼ਦੂਰ" ਦਾ ਮਤਲਬ ਹੈ ਉਹ ਵਿਅਕਤੀ ਜੋ ਮੁੱਖ ਤੌਰ 'ਤੇ ਕਿਸਾਨ ਨਾਲ ਕਿਰਾਏ 'ਤੇ ਲਏ ਗਏ ਮਜ਼ਦੂਰ ਦੀ ਹੈਸੀਅਤ ਵਿੱਚ ਲੱਗਿਆ ਹੋਇਆ ਹੈ ਅਤੇ ਜਿਸਨੂੰ ਉਸ ਦੁਆਰਾ ਕੀਤੇ ਜਾਣ ਵਾਲੇ ਖੇਤੀਬਾੜੀ ਕਾਰਜਾਂ ਦੇ ਸੰਬੰਧ ਵਿੱਚ ਉਜਰਤਾਂ ਨਕਦ ਜਾਂ ਕਿਸਮ ਦੇ ਰੂਪ ਵਿੱਚ ਮਿਲਦੀਆਂ ਹਨ;

(ਕ) "ਫ਼ੰਡ" ਦਾ ਮਤਲਬ ਹੈ ਇਸ ਐਕਟ ਦੀ ਧਾਰਾ 19 ਅਧੀਨ ਗਠਤ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਾਰਪਸ ਫ਼ੰਡ;

(ਖ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਖੇਤੀਬਾੜੀ ਵਿਭਾਗ;

(ਗ) "ਮੈਂਬਰ-ਸਕੱਤਰ" ਦਾ ਮਤਲਬ ਹੈ ਕਮਿਸ਼ਨ ਦਾ ਮੈਂਬਰ-ਸਕੱਤਰ;

(ਘ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ; ਅਤੇ

(ਙ) "ਪ੍ਰਾਈਵੇਟ ਹਸਤੀ" ਦਾ ਮਤਲਬ ਹੈ ਉਹ ਸਾਰੇ ਵਿਅਕਤੀ ਜੋ ਸਰਕਾਰੀ ਤਨਖਾਹ 'ਤੇ ਨਹੀਂ ਹਨ ਅਤੇ ਸਾਰੀਆਂ ਕੰਪਨੀਆਂ, ਸੋਸਾਇਟੀਆਂ,

ਕੋਆਪ੍ਰੇਟਿਵ, ਭਾਈਵਾਲੀ ਫਰਮਾਂ, ਦਾਨ ਆਧਾਰੀ ਸੰਗਠਨ ਅਤੇ ਸੀਮਤ ਦੇਣਦਾਰੀ ਭਾਈਵਾਲੀ ਫਰਮਾਂ।

ਕਮਿਸ਼ਨ ਦਾ ਗਠਨ।

3. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੇ ਨਾਂ ਨਾਲ ਜਾਣੀ ਜਾਣ ਵਾਲੀ ਬਾਡੀ ਦਾ ਗਠਨ ਕਰੇਗੀ, ਜੋ ਇਸ ਐਕਟ ਅਧੀਨ ਇਸ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਅਤੇ ਕਾਜਕਾਰ ਨਿਭਾਏਗੀ।

(2) ਕਮਿਸ਼ਨ ਹੇਠ-ਲਿਖਿਆਂ ਤੋਂ ਮਿਲਕੇ ਬਣੇਗਾ,—

| | | |
|---|---|---|
| (ੳ) | ਚੇਅਰਪਰਸਨ; | : ਗ਼ੈਰ-ਸਰਕਾਰੀ ਮੈਂਬਰ |
| (ਅ) | ਖੇਤ ਮਜ਼ਦੂਰਾਂ ਦਾ ਪ੍ਰਤੀਨਿਧ; | : ਗ਼ੈਰ-ਸਰਕਾਰੀ ਮੈਂਬਰ |
| (ੲ) | ਵਾਈਸ ਚਾਂਸਲਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ; | : ਅਹੁਦੇ ਕਾਰਨ ਮੈਂਬਰ |
| (ਸ) | ਵਾਈਸ ਚਾਂਸਲਰ, ਗੁਰੂ ਅੰਗਦ ਦੇਵ ਪਸ਼ੂ ਪਾਲਣ ਅਤੇ ਪਸ਼ੂ ਵਿਗਿਆਨ, ਲੁਧਿਆਣਾ; | : ਅਹੁਦੇ ਕਾਰਨ ਮੈਂਬਰ |
| (ਹ) | ਵਿੱਤੀ ਕਮਿਸ਼ਨਰ (ਵਿਕਾਸ); ਅਤੇ | : ਅਹੁਦੇ ਕਾਰਨ ਮੈਂਬਰ |
| (ਕ) | ਇੱਕ ਸੇਵਾ ਕਰ ਰਿਹਾ ਜਾਂ ਸੇਵਾਮੁਕਤ ਅਧਿਕਾਰੀ, ਜੋ ਪੰਜਾਬ ਸਰਕਾਰ ਦੇ ਸਕੱਤਰ ਦੇ ਰੈਂਕ ਤੋਂ ਘੱਟ ਨਾ ਹੋਵੇ। | : ਮੈਂਬਰ-ਸਕੱਤਰ |

ਗੈਰ-ਸਰਕਾਰੀ ਮੈਂਬਰਾਂ ਦੀ ਨਿਯੁਕਤੀ।

4. (1) ਸਰਕਾਰ ਕਮਿਸ਼ਨ ਦੇ ਗ਼ੈਰ-ਸਰਕਾਰੀ ਮੈਂਬਰਾਂ ਦੀ ਨਿਯੁਕਤੀ ਕਰੇਗੀ ਅਤੇ ਉਨ੍ਹਾਂ ਦੀ ਤਨਖਾਹ ਅਤੇ ਅਨੁਲਾਭ ਅਤੇ ਸੇਵਾ ਦੇ ਹੋਰ ਨਿਬੰਧਨ ਅਤੇ ਸ਼ਰਤਾਂ ਸਰਕਾਰ ਦੁਆਰਾ ਵਿੱਤ ਵਿਭਾਗ ਨਾਲ ਸਲਾਹ-ਮਸ਼ਵਰਾ ਕਰਕੇ ਨਿਯਤ ਕੀਤੀਆਂ ਜਾਣਗੀਆਂ।

(2) ਚੇਅਰਪਰਸਨ ਇੱਕ ਅਜਿਹਾ ਵਿਅਕਤੀ ਹੋਵੇਗਾ, ਜੋ ਘੱਟੋ-ਘੱਟ ਗ੍ਰੈਜੂਏਟ ਡਿਗਰੀ ਵਾਲਾ ਇੱਕ ਅਭਿਆਸੀ/ਪ੍ਰਗਤੀਸ਼ੀਲ ਕਿਸਾਨ ਜਾਂ ਇੱਕ ਉੱਘਾ ਖੇਤੀਬਾੜੀ ਵਿਗਿਆਨੀ ਹੈ ਅਤੇ ਜਿਸਨੂੰ ਮੌਜੂਦਾ ਘਰੇਲੂ ਅਤੇ ਅੰਤਰਰਾਸ਼ਟਰੀ ਖੇਤੀਬਾੜੀ ਦ੍ਰਿਸ਼ਟੀਕੋਣ ਬਾਰੇ ਕਾਫ਼ੀ ਜਾਣਕਾਰੀ ਹੋਵੇ।

(3) ਮੈਂਬਰ-ਸਕੱਤਰ ਦੀ ਤਨਖਾਹ ਅਤੇ ਭੱਤੇ ਅਤੇ ਨਿਯੁਕਤੀ ਦੀਆਂ ਹੋਰ ਨਿਬੰਧਨ ਅਤੇ ਸ਼ਰਤਾਂ ਸਰਕਾਰ ਦੁਆਰਾ ਵਿੱਤ ਵਿਭਾਗ ਨਾਲ ਸਲਾਹ-ਮਸ਼ਵਰਾ ਕਰਕੇ ਨਿਯਤ ਕੀਤੀਆਂ ਜਾਣਗੀਆਂ।

ਗੈਰ-ਸਰਕਾਰੀ ਮੈਂਬਰਾਂ ਦੇ ਅਹੁਦੇ ਦੀ ਮਿਆਦ।

5. (1) ਕਮਿਸ਼ਨ ਦੇ ਗੈਰ-ਸਰਕਾਰੀ ਮੈਂਬਰ ਅਜਿਹੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ ਜਿਵੇਂ ਸਰਕਾਰ ਦੁਆਰਾ ਉਲਿੱਖਤ ਕੀਤੀ ਹੋਵੇ, ਪਰ ਇਹ ਮੁੱਦਤ ਪੰਜ ਸਾਲ ਤੋਂ ਵੱਧ ਨਹੀਂ ਹੋਵੇਗੀ।

(2) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਗੈਰ-ਸਰਕਾਰੀ ਮੈਂਬਰ, ਉਸ ਵਿਅਕਤੀ ਨੂੰ ਛੱਡ ਕੇ ਜਿਸਨੂੰ ਧਾਰਾ 6 ਦੀ ਉਪ-ਧਾਰਾ (2) ਅਧੀਨ ਹਟਾ ਦਿੱਤਾ ਗਿਆ ਹੈ, ਸਿਰਫ ਇੱਕ ਵਾਰ ਹੀ ਮੁੜ-ਨਾਮਜ਼ਦਗੀ ਲਈ ਪਾਤਰ ਹੋਵੇਗਾ।

ਗ਼ੈਰ ਸਰਕਾਰੀ ਮੈਂਬਰਾਂ ਦਾ ਅਸਤੀਫ਼ਾ ਅਤੇ ਹਟਾਉਣਾ।

6. (1) ਇੱਕ ਗੈਰ-ਸਰਕਾਰੀ ਮੈਂਬਰ, ਸਰਕਾਰ ਨੂੰ ਸੰਬੋਧਿਤ ਆਪਣੇ ਹੱਥ ਲਿਖਤ ਨੋਟਿਸ ਰਾਹੀਂ, ਆਪਣੇ ਅਹੁਦੇ ਤੋਂ ਅਸਤੀਫਾ ਦੇ ਸਕਦਾ ਹੈ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਰਕਾਰ, ਹੁਕਮ ਦੁਆਰਾ, ਕਿਸੇ ਗੈਰ-ਸਰਕਾਰੀ ਮੈਂਬਰ ਨੂੰ ਅਹੁਦੇ ਤੋਂ ਹਟਾ ਸਕੇਗੀ, ਜੇ ਉਹ,—

(ੳ) ਅਮੁੱਕਤ ਦਿਵਾਲੀਆ ਹੈ; ਜਾਂ

(ਅ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਅਤੇ ਕੈਦ ਦਾ ਦੰਡ ਦਿੱਤਾ ਗਿਆ ਹੈ ਜੋ, ਸਰਕਾਰ ਦੀ ਰਾਏ ਵਿੱਚ, ਸਦਾਚਾਰਕ ਗਿਰਾਵਟ ਵਾਲਾ ਹੈ; ਜਾਂ

(ੲ) ਵਿਗੜ-ਚਿੱਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਇਸ ਤਰ੍ਹਾਂ ਐਲਾਨਿਆ ਗਿਆ ਹੈ; ਜਾਂ

(ਸ) ਕਾਰਜ ਕਰਨ ਤੋਂ ਇਨਕਾਰ ਕਰਦਾ ਹੈ ਜਾਂ ਕਾਰਜ ਕਰਨ ਦੇ ਅਸਮਰੱਥ ਹੋ ਜਾਂਦਾ ਹੈ; ਜਾਂ

(ਹ) ਛੁੱਟੀ ਲਏ ਬਿਨਾਂ ਕਮਿਸ਼ਨ ਦੀਆਂ ਲਗਾਤਾਰ ਤਿੰਨ ਇਕੱਤਰਤਾਵਾਂ ਤੋਂ ਗੈਰਹਾਜ਼ਰ ਰਹਿੰਦਾ ਹੈ; ਜਾਂ

(ਕ) ਸਰਕਾਰ ਦੀ ਰਾਏ ਵਿੱਚ, ਗੈਰ-ਸਰਕਾਰੀ ਮੈਂਬਰ ਦੇ ਅਹੁਦੇ ਦੀ ਇਸ ਤਰ੍ਹਾਂ ਦੁਰਵਰਤੋਂ ਕਰਦਾ ਹੈ, ਜਿਸ ਨਾਲ ਅਜਿਹੇ ਵਿਅਕਤੀ ਦਾ ਅਹੁਦੇ ਤੇ ਰਹਿਣਾ ਕਮਿਸ਼ਨ ਜਾਂ ਲੋਕ ਹਿੱਤ ਲਈ ਹਾਨੀਕਾਰਕ ਹੈ:

ਪਰੰਤੂ ਇਸ ਉਪ-ਧਾਰਾ ਅਧੀਨ ਅਜਿਹੇ ਕਿਸੇ ਵੀ ਵਿਅਕਤੀ ਨੂੰ ਉਦੋਂ ਤੱਕ ਹਟਾਇਆ ਨਹੀਂ ਜਾਵੇਗਾ ਜਦੋਂ ਤੱਕ ਉਸ ਵਿਅਕਤੀ ਨੂੰ ਉਸ ਮਾਮਲੇ ਵਿੱਚ ਸੁਣਵਾਈ ਦਾ ਵਾਜਬ ਮੌਕਾ ਨਾ ਦਿੱਤਾ ਗਿਆ ਹੋਵੇ।

ਨਾਕਾਬਲੀਅਤਾਂ।

7. ਕੋਈ ਵਿਅਕਤੀ ਗੈਰ-ਸਰਕਾਰੀ ਮੈਂਬਰ ਵਜੋਂ ਨਿਯੁਕਤੀ ਲਈ ਪਾਤਰ ਨਹੀਂ ਹੋਵੇਗਾ, ਜੇ ਉਹ,—

(ੳ) ਭਾਰਤ ਦਾ ਨਾਗਰਿਕ ਨਹੀਂ ਹੈ; ਜਾਂ

(ਅ) 21 ਸਾਲ ਦੀ ਉਮਰ ਪੂਰੀ ਨਹੀਂ ਕੀਤੀ ਹੈ; ਜਾਂ

(ੲ) ਵਿਗੜਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਇਸ ਤਰ੍ਹਾਂ ਐਲਾਨਿਆ ਗਿਆ ਹੈ; ਜਾਂ

(ਸ) ਕਿਸੇ ਅਜਿਹੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ਅਤੇ ਕੈਦ ਦਾ ਦੰਡ ਦਿੱਤਾ ਗਿਆ ਹੈ ਜੋ ਸਰਕਾਰ ਦੀ ਰਾਏ ਵਿੱਚ, ਸਦਾਚਾਰਕ ਗਿਰਾਵਟ ਵਾਲਾ ਹੈ; ਜਾਂ

(ਹ) ਦੁਰਾਚਾਰ ਲਈ ਸਰਕਾਰ ਦੀ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ ਅਤੇ ਲੋਕ ਸੇਵਾ ਵਿੱਚ ਰੁਜ਼ਗਾਰ ਲਈ ਨਾਕਾਬਲ ਐਲਾਨਿਆ ਗਿਆ ਹੈ; ਜਾਂ

(ਕ) ਦਿਵਾਲੀਆ ਨਿਆਂ ਨਿਰਣਿਤ ਕੀਤਾ ਗਿਆ ਹੈ।

8. ਗੈਰ-ਸਰਕਾਰੀ ਮੈਂਬਰ ਦੀ ਮੌਤ, ਅਸਤੀਫ਼ਾ ਜਾਂ ਨਾਕਾਬਲੀਅਤ ਜਾਂ ਉਸਦੇ ਅਹੁਦੇ ਦੀ ਮਿਆਦ ਗੁਜਰਣ ਤੋਂ ਪਹਿਲਾਂ ਕੰਮ ਕਰਨ ਦੇ ਅਯੋਗ ਹੋ ਜਾਣ ਦੀ ਸੂਰਤ ਵਿੱਚ, ਅਜਿਹੇ ਅਹੁਦੇ 'ਤੇ ਇੱਕ ਅਸਾਮੀ ਖਾਲੀ ਹੋਈ ਸਮਝੀ ਜਾਵੇਗੀ ਅਤੇ ਅਜਿਹੀ ਖਾਲੀ ਅਸਾਮੀ ਨੂੰ ਜਿੰਨੀ ਛੇਤੀ ਹੋ ਸਕੇ ਇੱਕ ਵਿਅਕਤੀ ਨੂੰ ਮੈਂਬਰ ਵਜੋਂ ਨਿਯੁਕਤ ਕਰਕੇ ਭਰਿਆ ਜਾਵੇਗਾ ਜੋ ਆਪਣੇ ਪੂਰਵ-ਅਧਿਕਾਰੀ ਦੀ ਅਣਗੁਜ਼ਰੀ ਮਿਆਦ ਲਈ ਅਹੁਦਾ ਧਾਰਨ ਕਰੇਗਾ। ਆਮ ਖ਼ਾਲੀ ਅਸਾਮੀ ।

9. ਕਮਿਸ਼ਨ ਦਾ ਮੁੱਖ-ਦਫ਼ਤਰ ਚੰਡੀਗੜ੍ਹ ਜਾਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਸਥਿਤ ਹੋਵੇਗਾ। ਕਮਿਸ਼ਨ ਦਾ ਮੁੱਖ-ਦਫ਼ਤਰ ।

10. (1) ਕਮਿਸ਼ਨ ਕੋਲ ਲੋੜ ਅਨੁਸਾਰ ਕਈ ਸਲਾਹਕਾਰ ਪਰਿਸ਼ਦਾਂ ਹੋਣਗੀਆਂ। ਸਲਾਹਕਾਰ ਪਰਿਸ਼ਦ ਦੇ ਮੈਂਬਰ ਕਮਿਸ਼ਨ ਦੁਆਰਾ ਨਾਮਜ਼ਦ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਮਿਆਦ ਤਿੰਨ ਸਾਲਾਂ ਲਈ ਹੋਵੇਗੀ। ਸਲਾਹਕਾਰ ਪਰਿਸ਼ਦਾਂ ।

(2) ਇਹ ਸਲਾਹਕਾਰ ਪਰਿਸ਼ਦਾਂ ਨੀਤੀ ਅਤੇ ਪ੍ਰੋਗਰਾਮਾਂ ਅਤੇ ਹੋਰ ਸਬੰਧਤ ਮਾਮਲਿਆਂ ਵਿੱਚ ਸਰਕਾਰ ਨੂੰ ਸਲਾਹ ਦੇਣ ਲਈ ਕਮਿਸ਼ਨ ਨੂੰ ਵਿਸ਼ੇ-ਵਿਸ਼ੇਸ਼ ਆਦਾਨ ਮੁਹੱਈਆ ਕਰਨਗੀਆਂ।

11. ਕਮਿਸ਼ਨ ਸਮੇਂ-ਸਮੇਂ 'ਤੇ ਵਿਸ਼ੇਸ਼ ਕਾਰਜਾਂ ਨੂੰ ਕਰਨ ਜਾਂ ਵਿਸ਼ੇਸ਼ ਕਰਤੱਵਾਂ ਨੂੰ ਨਿਭਾਉਣ ਲਈ ਅਜਿਹੀ ਕਮੇਟੀ ਜਾਂ ਕਮੇਟੀਆਂ ਦਾ ਗਠਨ ਕਰ ਸਕੇਗਾ ਜਿਵੇਂ ਚੇਅਰਪਰਸਨ ਦੁਆਰਾ ਅਧਿਕਾਰਤ ਕੀਤਾ ਜਾਵੇ। ਇਨ੍ਹਾਂ ਕਮੇਟੀਆਂ ਦੁਆਰਾ ਕੀਤੇ ਗਏ ਕਾਰਜਾਂ ਨੂੰ ਕਮਿਸ਼ਨ ਦੀ ਪਰਵਾਨਗੀ ਲਈ ਪੇਸ਼ ਕੀਤਾ ਜਾਵੇਗਾ। ਕਮੇਟੀਆਂ ।

12. (1) ਕਮਿਸ਼ਨ ਦੀਆਂ ਇਕੱਤਰਤਾਵਾਂ ਚੇਅਰਪਰਸਨ ਦੁਆਰਾ ਲੋੜ ਪੈਣ 'ਤੇ ਅਤੇ ਉਸ ਸਮੇਂ ਅਤੇ ਸਥਾਨ 'ਤੇ ਬੁਲਾਈਆਂ ਜਾਣਗੀਆਂ ਜਿਵੇਂ ਉਹ ਉੱਚਿਤ ਸਮਝਦਾ ਹੈ। ਕਮਿਸ਼ਨ ਦੀਆਂ ਇਕੱਤਰਤਾਵਾਂ ।

(2) ਮੈਂਬਰ-ਸਕੱਤਰ, ਚੇਅਰਪਰਸਨ ਨਾਲ ਸਲਾਹ-ਮਸ਼ਵਰਾ ਕਰਕੇ, ਕਮਿਸ਼ਨ ਦੀਆਂ ਇਕੱਤਰਤਾਵਾਂ ਬੁਲਾਏਗਾ।

(3) ਕਮਿਸ਼ਨ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਚੇਅਰਪਰਸਨ ਦੁਆਰਾ ਕੀਤੀ ਜਾਵੇਗੀ ਅਤੇ ਉਸਦੀ ਗੈਰਹਾਜ਼ਰੀ ਵਿੱਚ, ਹਾਜ਼ਰ ਮੈਂਬਰ ਆਪਣੇ ਵਿੱਚੋਂ ਇੱਕ ਨੂੰ ਅਜਿਹੀ ਇਕੱਤਰਤਾ ਦੀ ਪ੍ਰਧਾਨਗੀ ਲਈ ਚੁਣਨਗੇ।

(4) ਕਮਿਸ਼ਨ ਦੇ ਘੱਟੋ-ਘੱਟ ਤਿੰਨ ਮੈਂਬਰ ਕਮਿਸ਼ਨ ਦੀ ਇਕੱਤਰਤਾ ਲਈ ਕੋਰਮ ਬਣਾਉਣਗੇ।

(5) ਜਿੱਥੋਂ ਤੱਕ ਸੰਭਵ ਹੋਵੇ, ਕਮਿਸ਼ਨ ਵਿੱਚ ਤਨਕੀਹਾਂ 'ਤੇ ਸਰਬਸੰਮਤੀ ਨਾਲ ਫ਼ੈਸਲਾ ਲਿਆ ਜਾਵੇਗਾ ਪਰ ਜਿੱਥੇ ਕਮਿਸ਼ਨ ਦੇ ਮੈਂਬਰਾਂ ਵਿਚਕਾਰ ਮਤਭੇਦ ਹੁੰਦਾ ਹੈ, ਉੱਥੇ ਹਾਜ਼ਰ ਬਹੁਗਿਣਤੀ ਮੈਂਬਰਾਂ ਦੀ ਰਾਏ ਦੇ ਆਧਾਰ 'ਤੇ ਫ਼ੈਸਲਾ ਲਿਆ ਜਾਵੇਗਾ।

ਕਮਿਸ਼ਨ ਦੁਆਰਾ ਵਿਨਿਯਮਤ ਕੀਤਾ ਜਾਣ ਵਾਲਾ ਜ਼ਾਬਤਾ।

13. (1) ਕਮਿਸ਼ਨ ਆਪਣਾ ਜ਼ਾਬਤਾ ਆਪ ਵਿਨਿਯਮਤ ਕਰੇਗਾ।

(2) ਕਮਿਸ਼ਨ ਵੱਲੋਂ ਹਰੇਕ ਫ਼ੈਸਲਾ ਇੱਕ ਮਤਾ ਪਾਸ ਕਰਕੇ ਲਿਆ ਜਾਵੇਗਾ ਅਤੇ ਇਹ ਮਤਾ ਚੇਅਰਪਰਸਨ ਦੇ ਦਸਖ਼ਤਾਂ ਦੁਆਰਾ ਜਾਂ ਉਸਦੀ ਗੈਰਹਾਜ਼ਰੀ ਵਿੱਚ ਅਜਿਹੇ ਹੋਰ ਮੈਂਬਰ ਦੁਆਰਾ ਪ੍ਰਮਾਣਤ ਕੀਤਾ ਜਾਵੇਗਾ ਜਿਵੇਂ ਕਮਿਸ਼ਨ ਦੁਆਰਾ ਇਸ ਨਮਿੱਤ ਅਧਿਕਾਰਤ ਕੀਤਾ ਜਾਵੇ।

(3) ਕਮਿਸ਼ਨ ਨਮਿੱਤ ਹਰੇਕ ਲਿਖਤ ਮੈਂਬਰ-ਸਕੱਤਰ ਦੇ ਦਸਖ਼ਤ ਦੁਆਰਾ ਪ੍ਰਮਾਣਿਤ ਕੀਤੀ ਜਾਵੇਗੀ:

ਪਰੰਤੂ ਮੈਂਬਰ-ਸਕੱਤਰ ਦੀ ਗੈਰਹਾਜ਼ਰੀ ਵਿੱਚ, ਜਾਂ ਜਦੋਂ ਮਾਮਲੇ ਦੇ ਹਾਲਾਤਾਂ ਅਧੀਨ ਜ਼ਰੂਰੀ ਸਮਝਿਆ ਜਾਂਦਾ ਹੈ, ਕਮਿਸ਼ਨ, ਲਿਖਤੀ ਹੁਕਮ ਦੁਆਰਾ ਅਤੇ ਇਸਦੇ ਕਾਰਨ ਕਲਮਬੰਦ ਕਰਕੇ, ਕਮਿਸ਼ਨ ਦੇ ਕਿਸੇ ਵੀ ਮੈਂਬਰ ਜਾਂ ਅਧਿਕਾਰੀ ਨੂੰ ਕਿਸੇ ਵੀ ਲਿਖਤ ਨੂੰ ਪ੍ਰਮਾਣਿਤ ਕਰਨ ਲਈ ਅਧਿਕਾਰਤ ਕਰ ਸਕਦਾ ਹੈ।

ਕਮਿਸ਼ਨ ਦੀਆਂ ਕਾਰਵਾਈਆਂ ਦਾ ਖ਼ਾਲੀ ਥਾਵਾਂ ਕਾਰਨ ਨਾਜਾਇਜ਼ ਹੋਣਾ।

14. ਕਮਿਸ਼ਨ ਦਾ ਕੋਈ ਵੀ ਕਾਰਜ ਜਾਂ ਕਾਰਵਾਈਆਂ 'ਤੇ ਉਜਰ ਨਹੀਂ ਕੀਤਾ ਜਾਵੇਗਾ ਜਾਂ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਨਹੀਂ ਹੋਣਗੀਆਂ ਕਿ,—

(ੳ) ਉਸਦੇ ਗਠਨ ਵਿੱਚ ਕੋਈ ਖਾਲੀ ਅਸਾਮੀ ਜਾਂ ਕੋਈ ਤਰੁੱਟੀ ਹੈ; ਜਾਂ

(ਅ) ਕਿਸੇ ਮੈਂਬਰ ਦੀ ਨਾਮਜ਼ਦਗੀ ਜਾਂ ਚੁਣ ਕੇ ਨਾਲ ਰਲਾਉਣ ਵਿੱਚ ਕੋਈ ਤਰੁੱਟੀ ਹੈ; ਜਾਂ

(ੲ) ਕੋਈ ਜ਼ਾਬਤਾ ਸਬੰਧੀ ਬੇਕਾਇਦਗੀ ਜੋ ਕਿਸੇ ਮਾਮਲੇ ਦੇ ਗੁਣਾਂ ਨੂੰ ਪ੍ਰਭਾਵਿਤ ਨਹੀਂ ਕਰਦੀ।

ਕਮਿਸ਼ਨ ਦੀਆਂ ਸ਼ਕਤੀਆਂ ਅਤੇ ਕਾਰਜ।

15. (1) ਬਿਨਾਂ ਕਿਸੇ ਪ੍ਰਤੀਕੂਲ ਪ੍ਰਭਾਵ ਦੇ, ਕਮਿਸ਼ਨ ਕੋਲ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਰਜ ਹੋਣਗੇ, ਅਰਥਾਤ:-

(ੳ) ਖੇਤੀਬਾੜੀ 'ਤੇ ਨਿਰਭਰ ਲੋਕਾਂ ਦੇ ਅਧਿਕਾਰਾਂ ਅਤੇ ਭਲਾਈ ਲਈ ਉਪਬੰਧ ਕਰਨਾ;

(ਅ) ਵਾਤਾਵਰਣ ਸੰਬੰਧੀ ਅਤੇ ਆਰਥਿਕ ਸਥਿਰਤਾ ਅਤੇ ਖੇਤੀਬਾੜੀ ਉਤਪਾਦਕਤਾ ਲਈ ਉਪਬੰਧ ਕਰਦੇ ਹੋਏ ਇੱਕ ਖੇਤੀਬਾੜੀ ਨੀਤੀ ਬਣਾਉਣਾ ਜੋ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਯੋਗਦਾਨ ਪਾਉਂਦੀ ਹੈ;

(ੲ) ਡੈਟਾ, ਜਾਣਕਾਰੀ ਇਕੱਠੀ ਕਰਨਾ, ਵਿਸ਼ਲੇਸ਼ਣ ਕਰਨਾ, ਜਾਂਚ ਕਰਨਾ, ਸਲਾਹ-ਮਸ਼ਵਰਾ ਕਰਨਾ, ਨਜਰਸਾਨੀ ਕਰਨਾ, ਨਿਗਰਾਨੀ ਕਰਨਾ, ਸਰਵੇਖਣ ਕਰਨਾ, ਅਧਿਐਨ ਕਰਨਾ ਅਤੇ ਉਪਾਅ ਸੁਝਾਉਣਾ,—

(i) ਖੇਤੀਬਾੜੀ ਅਤੇ ਸਹਾਇਕ ਖੇਤਰਾਂ, ਪੇਂਡੂ ਬੁਨਿਆਦੀ ਢਾਂਚੇ, ਖੇਤੀਬਾੜੀ ਵਿਸਥਾਰ ਅਤੇ ਸਿੱਖਿਆ, ਸਰਕਾਰੀ ਅਤੇ ਪ੍ਰਾਈਵੇਟ

ਦੋਵਾਂ ਸਮੇਤ ਸਾਰੀਆਂ ਹਸਤੀਆਂ ਦੁਆਰਾ ਖੇਤੀਬਾੜੀ ਵਸਤਾਂ/ਇਨਪੁਟਸ ਅਤੇ ਸੇਵਾਵਾਂ ਦੀ ਗੁਣਵੱਤਾ ਅਤੇ ਡਿਲਿਵਰੀ ਦੀ ਪਰਿਸਥਿਤੀ ਵਿੱਚ ਸੁਧਾਰ ਕਰਨ ਲਈ;

(ii) ਪੇਂਡੂ ਖੇਤਰਾਂ ਵਿੱਚ ਖੇਤੀ ਤੋਂ ਬਾਹਰ ਰੋਜ਼ਗਾਰ ਸਿਰਜਣ ਨੂੰ ਉਤਸ਼ਾਹਿਤ ਕਰਨਾ;

(iii) ਖੇਤੀਬਾੜੀ ਉਤਪਾਦਨ, ਮੁੱਲ ਵਾਧਾ, ਵਾਢੀ ਤੋਂ ਬਾਅਦ ਹਥਾਲਣ ਅਤੇ ਉਪਜ ਪ੍ਰੋਸੈਸ ਕਰਨ ਲਈ ਬਾਜ਼ਾਰ ਦਖਲਅੰਦਾਜ਼ੀ, ਮਸ਼ੀਨੀਕਰਨ ਅਤੇ ਨਵੀਆਂ ਤਕਨੀਕਾਂ ਨੂੰ ਅਪਣਾਉਣਾ;

(iv) ਘਰੇਲੂ ਅਤੇ ਅੰਤਰਰਾਸ਼ਟਰੀ ਬਾਜ਼ਾਰਾਂ ਵਿੱਚ ਮੁਕਾਬਲੇ, ਭਵਿੱਖੀ ਰੁਝਾਨ, ਸਥਾਨਕ ਮੰਗ, ਨਿਰਯਾਤ ਸੰਭਾਵਨਾ, ਆਯਾਤ ਪ੍ਰਤੀਸਥਾਪਨ ਦਾ ਮੁਲਾਂਕਣ ਕਰਨਾ; ਅਤੇ

(v) ਪੇਂਡੂ ਅਰਥਵਿਵਸਥਾ ਦੀ ਕੁਸ਼ਲਤਾ ਅਤੇ ਆਰਥਿਕ ਸਥਿਰਤਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਵਸਤਾਂ/ਇਨਪੁਟਸ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਸਹਿਕਾਰੀ ਸਭਾਵਾਂ ਨੂੰ ਉਤਸ਼ਾਹਿਤ ਕਰਨਾ;

(ਸ) ਖੇਤੀਬਾੜੀ 'ਤੇ ਨਿਰਭਰ ਲੋਕਾਂ ਅਤੇ ਵੱਖ-ਵੱਖ ਕਿਸਾਨ ਸਭਾਵਾਂ ਅਤੇ ਯੂਨੀਅਨਾਂ ਦੀਆਂ ਮੰਗਾਂ ਅਤੇ ਸ਼ਿਕਾਇਤਾਂ 'ਤੇ ਵਿਚਾਰ ਕਰਨਾ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਦੇ ਪ੍ਰਤੀਨਿਧੀਆਂ ਨੂੰ ਮਿਲਣਾ ਅਤੇ ਸਰਕਾਰ ਨੂੰ ਢੁਕਵੀਆਂ ਨੀਤੀਗਤ ਸਿਫਾਰਸ਼ਾਂ ਕਰਨਾ;

(ਹ) ਕਿਸੇ ਹੋਰ ਅਜਿਹੇ ਮਾਮਲੇ 'ਤੇ ਵਿਚਾਰ ਕਰਨਾ, ਜੋ ਉਪਰੋਕਤ ਮਾਮਲਿਆਂ ਨਾਲ ਸੁਸੰਗਤ ਹੋਵੇ, ਜਾਂ ਸਰਕਾਰ ਦੁਆਰਾ ਵਿਸ਼ੇਸ਼ ਤੌਰ 'ਤੇ ਕਮਿਸ਼ਨ ਨੂੰ ਭੇਜਿਆ ਗਿਆ ਹੋਵੇ; ਅਤੇ

(ਕ) ਇਸ ਐਕਟ ਅਧੀਨ ਆਪਣੇ ਫ਼ਰਮਾਨ ਨੂੰ ਪੂਰਾ ਕਰਨ ਦੇ ਪ੍ਰਯੋਜਨ ਲਈ ਕਿਸੇ ਸੰਗਠਨ ਜਾਂ ਅਧਿਕਾਰੀ ਜਾਂ ਕਿਸੇ ਹੋਰ ਵਿਅਕਤੀ ਦੀਆਂ ਸੇਵਾਵਾਂ ਦੀ ਮੰਗ ਕਰਨਾ ਅਤੇ ਵਰਤੋਂ ਕਰਨਾ।

(2) ਸਰਕਾਰ ਖੇਤੀਬਾੜੀ 'ਤੇ ਨਿਰਭਰ ਲੋਕਾਂ ਦੀ ਭਲਾਈ ਨਾਲ ਸਬੰਧਤ ਮਾਮਲਿਆਂ ਅਤੇ ਕਮਿਸ਼ਨ ਦੁਆਰਾ ਸਰਕਾਰ ਨੂੰ ਭੇਜੇ ਗਏ ਮਾਮਲਿਆਂ 'ਤੇ ਕਮਿਸ਼ਨ ਨਾਲ ਸਲਾਹ-ਮਸ਼ਵਰਾ ਕਰੇਗੀ।

ਕਮਿਸ਼ਨ ਦੁਆਰਾ ਜਾਂਚ।

16. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਕਮਿਸ਼ਨ ਆਪਣੇ ਫ਼ਰਮਾਨ ਨਾਲ ਸੰਬੰਧਿਤ ਮਾਮਲਿਆਂ 'ਤੇ ਖੁਦ-ਬ-ਖੁਦ ਜਾਂਚ ਸ਼ੁਰੂ ਕਰ ਸਕਦਾ ਹੈ ਅਤੇ ਜਾਂਚ ਦੇ ਪ੍ਰਯੋਜਨ ਲਈ, ਕਮਿਸ਼ਨ ਕੋਲ

ਓਹੀ ਸ਼ਕਤੀਆਂ ਹੋਣਗੀਆਂ ਜੋ ਦੀਵਾਨੀ ਜ਼ਾਬਤਾ ਸੰਘਤਾ, 1908 (1908 ਦਾ ਐਕਟ ਨੰ. 5) ਦੇ ਅਧੀਨ ਹੇਠ-ਲਿਖੇ ਮਾਮਲਿਆਂ ਦੇ ਸੰਬੰਧ ਵਿੱਚ ਦਾਵੇ ਦੀ ਸੁਣਵਾਈ ਕਰਦੇ ਸਮੇਂ ਦੀਵਾਨੀ ਅਦਾਲਤ ਵਿੱਚ ਨਿਹਿਤ ਹੁੰਦੀਆਂ ਹਨ, ਅਰਥਾਤ:-

(ੳ) ਕਿਸੇ ਵਿਅਕਤੀ ਨੂੰ ਤਲਬ ਕਰਨਾ ਅਤੇ ਹਾਜ਼ਰ ਕਰਵਾਉਣਾ ਅਤੇ ਉਸਦੀ ਸਹੁੰ 'ਤੇ ਪਰਖ ਕਰਨਾ;

(ਅ) ਦਸਤਾਵੇਜ਼ਾਂ ਨੂੰ ਪ੍ਰਗਟ ਕਰਨ ਅਤੇ ਪੇਸ਼ ਕਰਨ ਦੀ ਮੰਗ ਕਰਨਾ;

(ੲ) ਹਲਫ਼ੀਆ ਬਿਆਨਾਂ ਤੇ ਸ਼ਹਾਦਤ ਲੈਣਾ;

(ਸ) ਕਿਸੇ ਅਦਾਲਤ ਜਾਂ ਦਫ਼ਤਰ ਤੋਂ ਕਿਸੇ ਲੋਕ ਰਿਕਾਰਡ ਜਾਂ ਉਸਦੀ ਨਕਲ ਦੀ ਮੰਗ ਕਰਨਾ;

(ਹ) ਗਵਾਹਾਂ ਦੀ ਪਰਖ ਕਰਨ ਲਈ ਸੰਮਨ ਜਾਰੀ ਕਰਨਾ; ਅਤੇ

(ਕ) ਅਜਿਹੇ ਹੋਰ ਮਾਮਲੇ, ਜਿਵੇਂ ਮੁਕੱਰਰ ਕੀਤੇ ਜਾਣ।

(2) ਤੱਤ ਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਮਿਸ਼ਨ ਇਸ ਐਕਟ ਅਧੀਨ ਕਿਸੇ ਸ਼ਿਕਾਇਤ ਦੀ ਜਾਂਚ ਦੌਰਾਨ, ਕਿਸੇ ਰਿਕਾਰਡ ਦੀ ਪਰਖ ਕਰ ਸਕਦਾ ਹੈ ਜਿਸ 'ਤੇ ਇਹ ਐਕਟ ਲਾਗੂ ਹੁੰਦਾ ਹੈ ਜੋ ਕਿਸੇ ਲੋਕ ਅਥਾਰਟੀ ਜਾਂ ਪ੍ਰਾਈਵੇਟ ਹਸਤੀ ਦੇ ਕੰਟਰੋਲ ਅਧੀਨ ਹੈ, ਅਤੇ ਅਜਿਹਾ ਕੋਈ ਵੀ ਰਿਕਾਰਡ ਕਿਸੇ ਵੀ ਆਧਾਰ 'ਤੇ ਇਸ ਤੋਂ ਰੋਕਿਆ ਨਹੀਂ ਜਾਵੇਗਾ।

(3) ਲੋਕ ਅਥਾਰਟੀ ਦੁਆਰਾ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਨਾਲ ਕਰਨ ਦੀ ਸੂਰਤ ਵਿੱਚ, ਇਹ ਉੱਚ ਲੋਕ ਅਥਾਰਟੀ ਨੂੰ ਕੋਤਾਹੀ ਕਰਨ ਵਾਲੇ ਅਧਿਕਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈਆਂ ਸ਼ੁਰੂ ਕਰਨ ਦੀ ਸਿਫਾਰਸ਼ ਕਰ ਸਕਦਾ ਹੈ, ਅਤੇ ਕਿਸੇ ਨਿੱਜੀ ਸੰਸਥਾ ਵੱਲੋਂ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਇਹ ਸਬੰਧਤ ਕਾਨੂੰਨੀ ਅਥਾਰਟੀ ਨੂੰ ਕਾਨੂੰਨ ਅਨੁਸਾਰ ਇਸ ਵਿਰੁੱਧ ਕਾਰਵਾਈ ਕਰਨ ਲਈ ਕਹਿ ਸਕਦਾ ਹੈ।

ਮੈਂਬਰ-ਸਕੱਤਰ ਦੇ ਕਾਜਕਾਰ।

17. (1) ਮੈਂਬਰ-ਸਕੱਤਰ ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਕਮਿਸ਼ਨ ਦੀ ਸਹਾਇਤਾ ਕਰੇਗਾ। ਉਹ,—

(i) ਕਮਿਸ਼ਨ ਦੇ ਰੋਜ਼ਾਨਾ ਦੇ ਮਾਮਲਿਆਂ ਦਾ ਪ੍ਰਸ਼ਾਸਨ ਕਰੇਗਾ ਅਤੇ ਕਮਿਸ਼ਨ ਦੇ ਰੋਜ਼ਾਨਾ ਕੰਮਕਾਜ ਦੀ ਨਿਗਰਾਨੀ ਅਤੇ ਪ੍ਰਬੰਧਨ ਕਰੇਗਾ ਅਤੇ ਚੇਅਰਪਰਸਨ ਨਾਲ ਸਲਾਹ-ਮਸ਼ਵਰਾ ਕਰਕੇ ਕਮਿਸ਼ਨ ਦੇ ਕਰਮਚਾਰੀਆਂ ਨੂੰ ਨਿਰਦੇਸ਼, ਹੁਕਮ ਜਾਂ ਹਦਾਇਤਾਂ ਜਾਰੀ ਕਰੇਗਾ;

(ii) ਕਮਿਸ਼ਨ ਦੇ ਸਾਰੇ ਰਿਕਾਰਡਾਂ, ਪ੍ਰਤੀਭੂਤੀਆਂ, ਨਕਦੀ ਅਤੇ ਸੰਪੱਤੀਆਂ ਦੀ ਉਚਿਤ ਦੇਖਭਾਲ ਅਤੇ ਸੰਭਾਲ ਲਈ ਪ੍ਰਬੰਧ ਕਰੇਗਾ;

(iii) ਕਮਿਸ਼ਨ ਦੇ ਨਮਿੱਤ ਪਰਨੋਟ, ਸਰਕਾਰੀ ਅਤੇ ਹੋਰ ਪ੍ਰਤੀਭੂਤੀਆਂ ਦੀ ਪੁਸ਼ਟੀ ਅਤੇ ਤਬਾਦਲਾ ਕਰੇਗਾ ਅਤੇ ਚੈੱਕਾਂ ਅਤੇ ਹੋਰ ਵਿਕਾ-ਯੋਗ ਯੰਤਰਾਂ ਦੀ ਪੁਸ਼ਟੀ, ਦਸਖ਼ਤ, ਨਕਦ ਵਸੂਲੀ ਕਰੇਗਾ;

(iv) ਸਾਰੀਆਂ ਜਮ੍ਹਾਂ ਰਸੀਦਾਂ 'ਤੇ ਦਸਖ਼ਤ ਕਰੇਗਾ ਅਤੇ ਬੈਂਕਾਂ ਅਤੇ ਵਿੱਤੀ ਏਜੰਸੀਆਂ ਵਿੱਚ ਕਮਿਸ਼ਨ ਦੇ ਖਾਤਿਆਂ ਦਾ ਸੰਚਾਲਨ ਕਰੇਗਾ;

(v) ਕਮਿਸ਼ਨ ਜਾਂ ਉਸ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਰਾਹੀਂ ਜਾਂ ਕਿਸੇ ਹੋਰ ਤਰ੍ਹਾਂ ਕਾਨੂੰਨੀ ਪ੍ਰੈਕਟੀਸ਼ਨਰਾਂ ਰਾਹੀਂ ਜਾਂ ਇਸ ਨਮਿੱਤ ਉਸ ਦੁਆਰਾ ਅਧਿਕਾਰਤ ਕਿਸੇ ਹੋਰ ਵਿਅਕਤੀ ਰਾਹੀਂ ਕਮਿਸ਼ਨ ਜਾਂ ਇਸਦੇ ਅਧਿਕਾਰੀਆਂ ਜਾਂ ਕਰਮਚਾਰੀਆਂ ਦੇ ਹੱਕ ਵਿੱਚ ਜਾਂ ਵਿਰੁੱਧ ਸਾਲਸੀ, ਕਾਨੂੰਨੀ ਕਾਰਵਾਈਆਂ ਸ਼ੁਰੂ ਕਰੇਗਾ, ਸੰਚਾਲਤ ਕਰੇਗਾ, ਬਚਾਅ ਕਰੇਗਾ, ਸਮਝੌਤਾ ਕਰੇਗਾ, ਸਾਲਸੀ ਲਈ ਸੌਂਪੇਗਾ;

(vi) ਚੇਅਰਪਰਸਨ ਨਾਲ ਸਲਾਹ-ਮਸ਼ਵਰਾ ਕਰਕੇ ਕਮਿਸ਼ਨ ਦੇ ਕਰਮਚਾਰੀਆਂ ਦੀਆਂ ਸ਼ਕਤੀਆਂ, ਕਰਤੱਵਾਂ ਅਤੇ ਜ਼ਿੰਮੇਵਾਰੀਆਂ ਨਿਰਧਾਰਤ ਕਰੇਗਾ;

(vii) ਗੱਲਬਾਤ ਅਤੇ ਮੁਆਇਦੇ ਕਰੇਗਾ ਅਤੇ ਕਮਿਸ਼ਨ ਦੇ ਕਿਸੇ ਉਦੇਸ਼ ਦੇ ਸੰਬੰਧ ਵਿੱਚ ਜਾਂ ਹੋਰ ਤਰ੍ਹਾਂ ਕਮਿਸ਼ਨ ਦੇ ਹਿੱਤ ਵਿੱਚ, ਨੋਟਸ, ਵਸੀਕੇ ਅਤੇ ਲਿਖਤਾਂ ਨੂੰ ਵਿਖੰਡਤ ਕਰੇਗਾ ਅਤੇ ਬਣਾਏਗਾ ਜੋ ਕਮਿਸ਼ਨ ਨਮਿੱਤ ਜ਼ਰੂਰੀ ਹੋਣ;

(viii) ਜ਼ਰੂਰੀ ਕਦਮ ਚੁੱਕੇਗਾ ਜੋ ਕਮਿਸ਼ਨ ਦੇ ਧਨਧਾਮਾਂ, ਸੰਪੱਤੀਆਂ ਅਤੇ ਹਿੱਤਾਂ ਨੂੰ ਕਿਸੇ ਹਾਨ ਤੋਂ ਬਚਾਉਣ ਲਈ ਜਾਂ ਨੁਕਸਾਨ ਜਾਂ ਹਾਨ ਰੋਕਣ ਲਈ ਜ਼ਰੂਰੀ ਹੋਣ;

(ix) ਕਮਿਸ਼ਨ ਦੀਆਂ ਕਿਤਾਬਾਂ ਅਤੇ ਰਿਕਾਰਡਾਂ ਅਤੇ ਹੋਰ ਸੰਪੱਤੀਆਂ ਦੇ ਨਿਗਰਾਨ ਨਿਯੁਕਤ ਕਰੇਗਾ; ਅਤੇ

(x) ਅਜਿਹੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਜੋ ਕਮਿਸ਼ਨ ਜਾਂ ਚੇਅਰਪਰਸਨ ਦੁਆਰਾ ਉਸਨੂੰ ਸੌਂਪੀਆਂ ਜਾਣ।

(2) ਮੈਂਬਰ-ਸਕੱਤਰ, ਚੇਅਰਪਰਸਨ ਨਾਲ ਸਲਾਹ-ਮਸ਼ਵਰਾ ਕਰਕੇ, ਕਮਿਸ਼ਨ ਦੇ ਪ੍ਰਭਾਵਸ਼ਾਲੀ ਅਤੇ ਕੁਸ਼ਲ ਕੰਮਕਾਜ ਲਈ ਆਪਣੀਆਂ ਕੋਈ ਵੀ ਸ਼ਕਤੀਆਂ ਕਮਿਸ਼ਨ ਦੇ ਕਿਸੇ ਅਧਿਕਾਰੀ ਨੂੰ ਸੌਂਪ ਸਕਦਾ ਹੈ।

ਅਫ਼ਸਰਾਂ ਅਤੇ ਹੋਰ ਕਰਮਚਾਰੀਆਂ ਦੀ ਨਿਯੁਕਤੀ ।

18. (1) ਕਮਿਸ਼ਨ, ਸਰਕਾਰ ਰਾਹੀਂ ਵਿੱਤ ਵਿਭਾਗ ਨਾਲ ਸਲਾਹ-ਮਸ਼ਵਰਾ ਕਰਕੇ, ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਲਈ, ਅਜਿਹੀ ਗਿਣਤੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀ ਨਿਯੁਕਤੀ ਕਰ ਸਕਦਾ ਹੈ ਜਿਵੇਂ ਇਹ ਜ਼ਰੂਰੀ ਸਮਝੇ।

(2) ਕਮਿਸ਼ਨ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੀਆਂ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜਿਵੇਂ ਸਰਕਾਰ ਵਿੱਤ ਵਿਭਾਗ ਨਾਲ ਸਲਾਹ-ਮਸ਼ਵਰਾ ਕਰਕੇ ਫ਼ੈਸਲਾ ਕਰੇ।

(3) ਕਮਿਸ਼ਨ ਦੇ ਸਾਰੇ ਕਰਮਚਾਰੀ ਚੇਅਰਪਰਸਨ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਆਪਣੇ ਕਰਤੱਵ ਨਿਭਾਉਣਗੇ।

ਕਮਿਸ਼ਨ ਦੇ ਫ਼ੰਡ ।

19. (1) ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਾਰਪਸ ਫ਼ੰਡ ਨਾਮਕ ਇੱਕ ਫ਼ੰਡ ਦਾ ਗਠਨ ਕੀਤਾ ਜਾਵੇਗਾ ਅਤੇ ਸਰਕਾਰ ਦੁਆਰਾ ਕਮਿਸ਼ਨ ਨੂੰ ਦਿੱਤੀਆਂ ਗਈਆਂ ਕੋਈ ਗ੍ਰਾਂਟਾਂ ਅਤੇ ਅਜਿਹੇ ਹੋਰ ਸਰੋਤਾਂ ਤੋਂ ਕਮਿਸ਼ਨ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਸਾਰੀਆਂ ਰਕਮਾਂ ਜਿਵੇਂ ਸਰਕਾਰ ਦੁਆਰਾ ਫ਼ੈਸਲਾ ਕੀਤਾ ਜਾਵੇ, ਇਸ ਵਿੱਚ ਜਮ੍ਹਾਂ ਕੀਤੀਆਂ ਜਾਣਗੀਆਂ।

(2) ਸਰਕਾਰ, ਰਾਜ ਵਿਧਾਨ ਮੰਡਲ ਦੁਆਰਾ ਇਸ ਨਮਿੱਤ ਕਾਨੂੰਨ ਦੁਆਰਾ ਯੋਗ ਨਮਿੱਤਣ ਪਿੱਛੋਂ, ਕਮਿਸ਼ਨ ਨੂੰ ਧਨ ਦੀਆਂ ਅਜਿਹੀਆਂ ਰਕਮਾਂ ਦੀਆਂ ਗ੍ਰਾਂਟਾਂ ਦੇ ਸਕਦੀ ਹੈ ਜੋ ਸਰਕਾਰ ਜ਼ਰੂਰੀ ਸਮਝੇ।

(3) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਫ਼ੰਡ ਨੂੰ ਕਮਿਸ਼ਨ ਦੇ ਚੇਅਰਪਰਸਨ, ਮੈਂਬਰ-ਸਕੱਤਰ, ਅਧਿਕਾਰੀਆਂ ਅਤੇ ਕਮਿਸ਼ਨ ਦੇ ਹੋਰ ਕਰਮਚਾਰੀਆਂ ਦੀ ਤਨਖਾਹ, ਭੱਤਿਆਂ ਅਤੇ ਹੋਰ ਮਿਹਨਤਾਨੇ ਅਤੇ ਇਸ ਐਕਟ ਅਧੀਨ ਇਸਦੇ ਕਾਰਜਾਂ ਦੇ ਨਿਪਟਾਰੇ ਵਿੱਚ ਕਮਿਸ਼ਨ ਦੇ ਖਰਚਿਆਂ ਅਤੇ ਇਸ ਐਕਟ ਦੁਆਰਾ ਅਧਿਕਾਰਤ ਪ੍ਰਯੋਜਨਾਂ ਲਈ ਅਤੇ ਉਦੇਸ਼ਾਂ 'ਤੇ ਖਰਚਿਆਂ ਨੂੰ ਪੂਰਾ ਕਰਨ ਲਈ ਵਰਤਿਆ ਜਾਵੇਗਾ।

(4) ਕਮਿਸ਼ਨ ਦੇ ਚੇਅਰਪਰਸਨ ਅਤੇ ਮੈਂਬਰ-ਸਕੱਤਰ ਕਮਿਸ਼ਨ ਦੁਆਰਾ ਸੌਂਪੀ ਸੀਮਾ ਤੱਕ ਉਜ਼ਰਤਾਂ, ਬਿੱਲਾਂ, ਸੰਭਾਵਿਤ ਅਤੇ ਫੁਟਕਲ ਖਰਚਿਆਂ ਵਰਗੇ ਪ੍ਰਵਿਧਾਨਕ ਖਰਚੇ ਚੁੱਕਣ ਲਈ ਅਧਿਕਾਰਤ ਹੋਣਗੇ।

ਲੇਖੇ ਅਤੇ ਆਡਿਟ ।

20. (1) ਕਮਿਸ਼ਨ ਉਚਿਤ ਲੇਖੇ ਅਤੇ ਹੋਰ ਸੁਸੰਗਤ ਰਿਕਾਰਡਾਂ ਨੂੰ ਰੱਖੇਗਾ ਅਤੇ ਲੇਖਿਆਂ ਦਾ ਇੱਕ ਸਾਲਾਨਾ ਵਿਵਰਣ ਅਜਿਹੇ ਰੂਪ ਵਿੱਚ ਤਿਆਰ ਕਰੇਗਾ ਜਿਵੇਂ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ।

(2) ਕਮਿਸ਼ਨ ਦੇ ਲੇਖਿਆਂ ਦਾ ਆਡਿਟ ਲੇਖਾਕਾਰ ਜਨਰਲ ਦੁਆਰਾ ਅਜਿਹੇ ਵਕਫ਼ਿਆਂ 'ਤੇ ਕੀਤਾ ਜਾਵੇਗਾ ਜਿਵੇਂ ਉਹ ਮੁਨਾਸਬ ਸਮਝੇ ਅਤੇ ਅਜਿਹੇ ਆਡਿਟ ਦੇ ਸੰਬੰਧ ਵਿੱਚ ਕੀਤਾ ਗਿਆ ਖ਼ਰਚਾ ਕਮਿਸ਼ਨ ਦੁਆਰਾ ਲੇਖਾਕਾਰ ਜਨਰਲ ਨੂੰ ਅਦਾਇਗੀਯੋਗ ਹੋਵੇਗਾ।

(3) ਇਸ ਐਕਟ ਅਧੀਨ ਕਮਿਸ਼ਨ ਦੇ ਲੇਖਿਆਂ ਦੇ ਆਡਿਟ ਦੇ ਸੰਬੰਧ ਵਿੱਚ ਲੇਖਾਕਾਰ ਜਨਰਲ ਜਾਂ ਉਸ ਦੁਆਰਾ ਨਿਯੁਕਤ ਕੀਤੇ ਗਏ ਕਿਸੇ ਵਿਅਕਤੀ ਨੂੰ ਅਜਿਹੇ ਆਡਿਟ ਦੇ ਸੰਬੰਧ ਵਿੱਚ ਉਹੀ ਅਧਿਕਾਰ ਅਤੇ ਵਿਸ਼ੇਸ਼ ਅਧਿਕਾਰ ਅਤੇ ਅਖ਼ਤਿਆਰ ਹੋਣਗੇ ਜੋ ਆਮ ਤੌਰ 'ਤੇ ਸਰਕਾਰੀ ਲੇਖਿਆਂ ਦੇ ਆਡਿਟ ਦੇ ਸੰਬੰਧ ਵਿੱਚ ਲੇਖਾਕਾਰ ਜਨਰਲ ਕੋਲ ਹੁੰਦੇ ਹਨ ਅਤੇ, ਖਾਸ ਤੌਰ 'ਤੇ, ਕਿਤਾਬਾਂ, ਲੇਖਿਆਂ, ਜੁੜੇ ਵਾਊਚਰਾਂ ਅਤੇ ਹੋਰ ਦਸਤਾਵੇਜ਼ਾਂ ਅਤੇ ਕਾਗਜ਼ਾਂ ਨੂੰ ਪੇਸ਼ ਕਰਨ ਦੀ ਮੰਗ ਕਰਨ ਅਤੇ ਕਮਿਸ਼ਨ ਦੇ ਕਿਸੇ ਵੀ ਦਫ਼ਤਰ ਦਾ ਨਿਰੀਖਣ ਕਰਨ ਦਾ ਅਧਿਕਾਰ ਹੋਵੇਗਾ।

(4) ਲੇਖਾਕਾਰ ਜਨਰਲ ਜਾਂ ਇਸ ਨਮਿੱਤ ਉਸ ਦੁਆਰਾ ਨਿਯੁਕਤ ਕੀਤੇ ਗਏ ਕਿਸੇ ਹੋਰ ਵਿਅਕਤੀ ਦੁਆਰਾ ਤਸਦੀਕ ਕੀਤੇ ਕਮਿਸ਼ਨ ਦੇ ਲੇਖੇ, ਉਨ੍ਹਾਂ 'ਤੇ ਆਡਿਟ ਰਿਪੋਰਟ ਸਮੇਤ, ਕਮਿਸ਼ਨ ਦੁਆਰਾ ਸਰਕਾਰ ਨੂੰ ਸਲਾਨਾ ਤੌਰ ਤੇ ਭੇਜੇ ਜਾਣਗੇ।

**ਸਾਲਾਨਾ ਰਿਪੋਰਟ।**

21. ਕਮਿਸ਼ਨ ਹਰੇਕ ਵਿੱਤੀ ਸਾਲ ਲਈ, ਆਪਣੀਆਂ ਸਰਗਰਮੀਆਂ ਦਾ ਪੂਰਾ ਵਰਣਨ ਦਿੰਦੇ ਹੋਏ, ਅਜਿਹੇ ਰੂਪ ਵਿੱਚ ਅਤੇ ਅਜਿਹੇ ਸਮੇਂ ਤੇ ਜੋ ਮੁਕੱਰਰ ਕੀਤਾ ਜਾਵੇ, ਆਪਣੀ ਸਲਾਨਾ ਰਿਪੋਰਟ ਤਿਆਰਾ ਕਰੇਗਾ ਅਤੇ ਉਸਦੀ ਇੱਕ ਨਕਲ ਸਰਕਾਰ ਨੂੰ ਭੇਜੇਗਾ।

**ਕਮਿਸ਼ਨ ਦੀਆਂ ਰਿਪੋਰਟਾਂ 'ਤੇ ਕਾਰਵਾਈ।**

22. ਧਾਰਾ 21 ਅਧੀਨ ਕੀਤੀ ਗਈ ਰਿਪੋਰਟ ਪ੍ਰਾਪਤ ਹੋਣ 'ਤੇ, ਸਰਕਾਰ ਉਸ 'ਤੇ ਅਜਿਹੀ ਕਾਰਵਾਈ ਕਰ ਸਕਦੀ ਹੈ, ਜਿਵੇਂ ਉਹ ਮੁਨਾਸਬ ਸਮਝੇ।

**ਸਾਲਾਨਾ ਰਿਪੋਰਟ ਅਤੇ ਆਡਿਟ ਰਿਪੋਰਟ ਦਾ ਰਾਜ ਵਿਧਾਨ ਸਭਾ ਅੱਗੇ ਰੱਖਿਆ ਜਾਣਾ।**

23. ਸਰਕਾਰ, ਸਲਾਨਾ ਰਿਪੋਰਟ ਅਤੇ ਉਸ ਵਿੱਚ ਦਿੱਤੀਆਂ ਸਿਫ਼ਾਰਸ਼ਾਂ ਤੇ ਕੀਤੀ ਕਾਰਵਾਈ ਦੇ ਯਾਦ-ਪੱਤਰ, ਜਿੱਥੋਂ ਤੱਕ ਉਹ ਸਰਕਾਰ ਨਾਲ ਸਬੰਧਤ ਹੋਣ ਅਤੇ ਅਜਿਹੀਆਂ ਸਿਫ਼ਾਰਸ਼ਾਂ ਦੇ ਨਾ-ਮੰਨਣ ਦੇ ਕਾਰਨਾਂ, ਜੇ ਕੋਈ ਹੋਣ, ਅਤੇ ਆਡਿਟ ਰਿਪੋਰਟ ਸਮੇਤ, ਉਨ੍ਹਾਂ ਦੇ ਪ੍ਰਾਪਤ ਹੋਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਸਭਾ ਅੱਗੇ ਰਖਵਾਏਗੀ।

**ਕਮਿਸ਼ਨ ਨੂੰ ਹਵਾਲਾ ਦੇਣ ਦੀਆਂ ਸ਼ਕਤੀਆਂ।**

24. (1) ਸਰਕਾਰ ਕੋਲ ਨੀਤੀ ਦੇ ਕਿਸੇ ਵੀ ਮਾਮਲੇ ਜਾਂ ਕਮਿਸ਼ਨ ਦੁਆਰਾ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ ਵਿੱਚ ਕੀਤੇ ਗਏ ਕਿਸੇ ਵੀ ਕੰਮ ਦੇ ਸੰਬੰਧ ਵਿੱਚ ਕਮਿਸ਼ਨ ਨੂੰ ਹਵਾਲਾ ਦੇਣ ਦੀ ਸ਼ਕਤੀ ਹੋਵੇਗੀ।

(2) ਕਮਿਸ਼ਨ ਸਰਕਾਰ ਨੂੰ ਉਸ ਕਾਰਵਾਈ ਬਾਰੇ ਰਿਪੋਰਟ ਕਰੇਗਾ, ਜੇ ਕੋਈ ਹੋਵੇ, ਜੋ ਉਹ ਇਸ ਧਾਰਾ ਅਧੀਨ ਦਿੱਤੇ ਗਏ ਹਵਾਲੇ 'ਤੇ ਕਰਨ ਦਾ ਪ੍ਰਸਤਾਵ ਰੱਖਦਾ ਹੈ ਜਾਂ ਕਰ ਚੁੱਕਾ ਹੈ ਅਤੇ ਜੇ ਉਹ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਇਸਦਾ ਸਪੱਸ਼ਟੀਕਰਨ ਦੇਵੇਗਾ।

(3) ਜੇ ਕਮਿਸ਼ਨ ਸਰਕਾਰ ਦੀ ਸੰਤੁਸ਼ਟੀ ਲਈ ਅਜਿਹੇ ਹਵਾਲੇ 'ਤੇ ਕਾਰਵਾਈ ਕਰਨ ਵਿੱਚ ਵਾਜਬ ਸਮੇਂ ਦੇ ਅੰਦਰ ਅਸਫ਼ਲ ਰਹਿੰਦਾ ਹੈ, ਤਾਂ ਇਹ ਕਮਿਸ਼ਨ ਦੁਆਰਾ ਪੇਸ਼ ਕੀਤੇ ਗਏ ਸਪੱਸ਼ਟੀਕਰਨ 'ਤੇ ਵਿਚਾਰ ਕਰਨ ਤੋਂ ਬਾਅਦ, ਇਸ ਐਕਟ ਦੇ ਸੰਗਤ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ, ਜੋ ਉਹ ਜ਼ਰੂਰੀ ਸਮਝੇ ਅਤੇ ਕਮਿਸ਼ਨ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ।

(4) ਸਰਕਾਰ, ਕਿਸੇ ਵੀ ਸਮੇਂ, ਕਮਿਸ਼ਨ ਦੇ ਉਚਿਤ ਅਤੇ ਪ੍ਰਭਾਵਸ਼ਾਲੀ ਕੰਮਕਾਜ ਬਾਰੇ ਅਤੇ ਕਮਿਸ਼ਨ ਦੇ ਪ੍ਰਸ਼ਾਸਨ ਅਤੇ ਵਿੱਤ ਨਾਲ ਸਬੰਧਤ ਕਿਸੇ ਮਾਮਲੇ ਬਾਰੇ ਸੰਤੁਸ਼ਟ ਕਰਨ ਲਈ, ਕਿਸੇ ਵੀ ਅਥਾਰਟੀ ਜਾਂ ਵਿਅਕਤੀ ਦੁਆਰਾ ਕਮਿਸ਼ਨ ਦੇ ਮਾਮਲਿਆਂ ਦਾ ਨਿਰੀਖਣ ਜਾਂ ਜਾਂਚ ਦਾ ਪ੍ਰਬੰਧ ਕਰ ਸਕਦੀ ਹੈ, ਜਿਵੇਂ ਇਹ ਉਲਿੱਖਤ ਕਰੇ।

(5) ਕਮਿਸ਼ਨ ਕਿਸੇ ਵੀ ਵਿਅਕਤੀ ਨੂੰ ਉਪ-ਧਾਰਾ (4) ਵਿੱਚ ਦਰਸਾਏ ਗਏ ਨਿਰੀਖਣ ਜਾਂ ਜਾਂਚ ਵਿੱਚ ਇਸਦੀ ਪ੍ਰਤੀਨਿਧਤਾ ਕਰਨ ਲਈ ਅਧਿਕਾਰਤ ਕਰ ਸਕਦਾ ਹੈ।

(6) ਉਪ-ਧਾਰਾ (4) ਵਿੱਚ ਹਵਾਲਾ ਦਿੱਤੇ ਨਿਰੀਖਣ ਜਾਂ ਜਾਂਚ ਦੀ ਰਿਪੋਰਟ ਪ੍ਰਾਪਤ ਹੋਣ ’ਤੇ, ਸਰਕਾਰ ਇਸਦੀ ਪਰਖ ਕਰ ਸਕਦੀ ਹੈ ਅਤੇ ਕਮਿਸ਼ਨ ਨੂੰ ਅਜਿਹੀਆਂ ਹਦਾਇਤਾਂ ਦੇ ਸਕਦੀ ਹੈ, ਜਿਵੇਂ ਕਿ ਉਹ ਜ਼ਰੂਰੀ ਸਮਝੇ।

(7) ਚੇਅਰਪਰਸਨ ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ਾਂ ਦੀ ਪ੍ਰਾਪਤੀ ਦੀ ਤਰੀਕ ਤੋਂ ਤੀਹ ਦਿਨਾਂ ਦੇ ਅੰਦਰ, ਕਮਿਸ਼ਨ ਦੁਆਰਾ ਉਕਤ ਨਿਰਦੇਸ਼ਾਂ ਦੇ ਅਨੁਸਰਣ ਵਿੱਚ ਕੀਤੀ ਗਈ ਕਾਰਵਾਈ ਬਾਰੇ ਸਰਕਾਰ ਨੂੰ ਇਤਲਾਹ ਭੇਜੇਗਾ।

(8) ਉਪ-ਧਾਰਾ (7) ਵਿੱਚ ਉਲਿੱਖਤ ਮੁੱਦਤ ਦੇ ਗੁਜਰਣ ’ਤੇ, ਸਰਕਾਰ ਚੇਅਰਪਰਸਨ ਤੋਂ ਪ੍ਰਾਪਤ ਇਤਲਾਹ, ਜੇਕਰ ਕੋਈ ਹੋਵੇ, ’ਤੇ ਵਿਚਾਰ ਕਰਨ ਤੋਂ ਬਾਅਦ, ਕਮਿਸ਼ਨ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਵੇਂ ਕਿ ਉਹ ਜ਼ਰੂਰੀ ਸਮਝੇ ਅਤੇ ਕਮਿਸ਼ਨ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗਾ।

ਕਮਿਸ਼ਨ ਦੇ ਮੈਂਬਰਾਂ ਦਾ ਲੋਕ ਸੇਵਕ ਹੋਣਾ।

25. ਕਮਿਸ਼ਨ ਦੇ ਸਾਰੇ ਮੈਂਬਰ, ਅਧਿਕਾਰੀ ਅਤੇ ਕਰਮਚਾਰੀ, ਇਸ ਐਕਟ ਦੇ ਕਿਸੇ ਉਪਬੰਧ ਦੇ ਅਨੁਸਰਣ ਵਿੱਚ ਕਾਰਜ ਕਰਦੇ ਸਮੇਂ ਜਾਂ ਕਾਰਜ ਕਰ ਰਿਹਾ ਤਾਤਪਰਜਤ ਹੈ, ਭਾਰਤੀ ਦੰਡ ਸੰਘਤਾ, 1860 (1860 ਦਾ ਐਕਟ ਨੰ. 45) ਦੀ ਧਾਰਾ 21 ਦੇ ਅਰਥਾਂ ਵਿੱਚ ਲੋਕ ਸੇਵਕ ਸਮਝਿਆ ਜਾਵੇਗਾ।

ਨੇਕਨੀਤੀ ਨਾਲ ਕੀਤੀ ਗਈ ਕਾਰਵਾਈ ਦੀ ਹਿਫ਼ਾਜ਼ਤ।

26. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਧੀਨ ਨੇਕਨੀਤੀ ਨਾਲ ਕੀਤੀ ਗਈ ਜਾਂ ਚਿਤਵਤ ਕਿਸੇ ਗੱਲ ਲਈ ਕਮਿਸ਼ਨ ਜਾਂ ਇਸਦੀਆਂ ਅਥਾਰਟੀਆਂ ਜਾਂ ਕਮਿਸ਼ਨ ਦੇ ਕਿਸੇ ਕਰਮਚਾਰੀ ਜਾਂ ਅਧਿਕਾਰੀ ਵਿਰੁੱਧ ਕੋਈ ਦਾਵਾ, ਮੁਕੱਦਮਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

27. (1) ਜੇਕਰ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਇੱਕ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ ਜੋ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਪਦੇ ਹੋਣ:

ਪਰੰਤੂ ਇਸ ਧਾਰਾ ਅਧੀਨ ਅਜਿਹਾ ਕੋਈ ਹੁਕਮ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਣ ਤੋਂ ਪਿੱਛੋਂ ਨਹੀਂ ਕੀਤਾ ਜਾਵੇਗਾ।

(2) ਇਸ ਧਾਰਾ ਅਧੀਨ ਕੀਤਾ ਗਿਆ ਹਰੇਕ ਹੁਕਮ, ਉਸ ਦੇ ਕੀਤੇ ਜਾਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਦੇ ਅੱਗੇ ਰੱਖਿਆ ਜਾਵੇਗਾ।

ਨਿਯਮ ਬਣਾਉਣ ਦੀ ਸ਼ਕਤੀ।

28. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸਦੇ ਬਣਾਏ ਜਾਣ ਤੋਂ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਦੇ ਅੱਗੇ ਜਦ ਉਹ ਕੁੱਲ ਦਸ ਦਿਨਾਂ ਦੀ ਮੁੱਦਤ ਲਈ ਇਜਲਾਸ ਵਿੱਚ ਹੁੰਦਾ ਹੈ, ਰੱਖਿਆ ਜਾਵੇਗਾ, ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ ਉਸ ਇਜਲਾਸ ਦੇ ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਸ ਤੋਂ ਤੁਰੰਤ ਮਗਰੋਂ ਹੋਣ ਵਾਲੇ ਇਜਲਾਸ ਦੇ ਗੁਜ਼ਰਣ ਤੋਂ ਪਹਿਲਾਂ ਸਦਨ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਉਹ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਉਸਦਾ ਕੋਈ ਪ੍ਰਭਾਵ ਨਹੀਂ ਹੋਵੇਗਾ। ਪਰ ਫਿਰ ਵੀ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਜਾਂ ਲੋਪ ਕੀਤੀ ਕਿਸੇ ਗੱਲ ਦੀ ਜਾਇਜਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

**ਬੀ.ਬੀ.ਐੱਸ ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

*3633/2-2026/Pb. Govt. Press, S.A.S. Nagar*